Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ
# ਦੇਸ਼ ਦੁਆਬਾ
VOL - 6 ISSUE - 25
September 27, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਪੰਜਵਾਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਸਫਲਤਾ ਪੂਰਵਕ ਮਨਾਇਆ।

ਰਿਪੋਰਟ ਸਫਾ 6 ਅਤੇ ਤਸਵੀਰਾਂ ਦੇਖੋ ਸਫਾ 11 ਤੋਂ 14 ਤੱਕ

# ਕੈਪਟਨ ਸਰਕਾਰ ਵਿਰੁੱਧ ਆਰ ਪਾਰ ਦੀ ਲੜਾਈ ਲੜਨਗੇ ਕਿਸਾਨ

**ਪਟਿਆਲਾ (ਬਿਊਰੋ)–** ਪੰਜਾਬ ਦੀਆਂ ਸੱਤ ਕਿਸਾਨ ਜਥੇਬੰਦੀਆਂ ਵੱਲੋਂ ਪਿੰਡ ਮਹਿਮਦਪੁਰ ਵਿਚਲੀ ਅਨਾਜ ਮੰਡੀ 'ਚ ਲਾਇਆ ਗਿਆ ਪੰਜ ਰੋਜ਼ਾ ਧਰਨਾ ਪਰਾਲੀ ਦੇ ਮੁੱਦੇ 'ਤੇ ਸਰਕਾਰ ਨਾਲ ਆਰ ਪਾਰ ਦੀ ਲੜਾਈ ਦੇ ਐਲਾਨਨਾਮੇ ਨਾਲ ਖ਼ਤਮ ਹੋ ਗਿਆ। ਧਰਨੇ ਦੌਰਾਨ ਸੰਕੇਤਕ ਰੂਪ 'ਚ ਪਰਾਲੀ ਸਾੜ ਕੇ ਸਰਕਾਰ ਨੂੰ ਵੰਗਾਰਦਿਆਂ ਕਿਸਾਨਾਂ ਨੇ ਕਿਹਾ ਕਿ ਪਰਾਲੀ ਦੀ ਸਾਂਭ ਸੰਭਾਲ ਲਈ ਝੋਨੇ 'ਤੇ ਪ੍ਰਤੀ ਏਕੜ ਛੇ ਹਜ਼ਾਰ ਰੁਪਏ ਬੋਨਸ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਉਹ ਪਰਾਲੀ ਨੂੰ ਜ਼ਰੂਰ ਸਾੜਨਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਰੋਕਣ ਜਾਂ ਜੁਰਮਾਨੇ ਆਦਿ ਲਾਉਣ 'ਤੇ ਤਿੱਖੇ ਰੋਹ ਦਾ ਸ਼ਿਕਾਰ ਹੋਣਾ ਪਵੇਗਾ। ਕਿਸਾਨ ਜਥੇਬੰਦੀਆਂ ਨੇ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਇਕ ਮਹੀਨੇ 'ਚ ਮਸਲਿਆਂ ਦਾ ਹੱਲ ਨਾ ਹੋਇਆ ਤਾਂ 27 ਅਕਤੂਬਰ ਨੂੰ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ ਕੀਤਾ ਜਾਵੇਗਾ। ਧਰਨੇ 'ਚ ਭਾਵੇਂ ਕਰਜ਼ਾ ਮੁਕਤੀ ਸਮੇਤ ਹੋਰ ਮਸਲੇ ਵੀ ਰਿੜਕੇ ਗਏ, ਪਰ ਝੋਨੇ ਦਾ ਸੀਜ਼ਨ ਸਿਰ 'ਤੇ ਹੋਣ ਕਰਕੇ ਪਰਾਲੀ ਸਾੜਨ ਦਾ ਮੁੱਦਾ ਭਾਰੂ ਰਿਹਾ। ਧਰਨੇ ਦੇ ਆਖਰੀ ਦਿਨ ਬਠਿੰਡਾ, ਮਾਨਸਾ, ਬਰਨਾਲਾ ਤੇ ਸੰਗਰੂਰ ਆਦਿ ਜ਼ਿਲ੍ਹਿਆਂ 'ਚੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਿਰਕਤ ਕੀਤੀ। ਪਟਿਆਲਾ ਖੇਤਰ ਵਿਚੋਂ ਵੀ ਹਜ਼ਾਰਾਂ ਕਿਸਾਨ ਸ਼ਾਮਲ ਹੋਏ। ਬੁਲਾਰਿਆਂ ਨੇ ਦੁਹਰਾਇਆ ਕਿ ਬੈਂਕਾਂ, ਆੜ੍ਹਤੀਆਂ ਤੇ ਸੂਦਖੋਰਾਂ ਵੱਲੋਂ ਕਰਜ਼ੇ ਦੀ ਜਬਰੀ ਉਗਰਾਹੀ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਸਰਕਾਰ ਤੋਂ ਫਸਲਾਂ ਦਾ ਉਜਾੜਾ ਕਰਦੇ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਦਾ ਪੱਕਾ ਪ੍ਰਬੰਧ ਕਰਨ, ਅਬਾਦਕਾਰ ਕਿਸਾਨਾਂ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਦੇਣ, ਕਾਸ਼ਤਕਾਰ ਕਿਸਾਨਾਂ ਦੇ ਨਾਮ ਗਿਰਦਾਵਰੀਆਂ ਕਰਨ, ਪੀੜਤ ਕਿਸਾਨਾਂ ਨੂੰ ਫ਼ਸਲਾਂ ਦੀ ਬਰਬਾਦੀ ਦਾ ਮੁਆਵਜ਼ਾ ਦੇਣ, ਨੌਜਵਾਨਾਂ ਲਈ ਰੁਜ਼ਗਾਰ ਦਾ ਪੱਕਾ ਪ੍ਰਬੰਧ ਕਰਨ ਦੀ ਮੰਗ ਵੀ ਕੀਤੀ।



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

# ਜ਼ਮਾਨਤ ਰੱਦ ਹੋਣ ਤੋਂ ਬਾਅਦ ਫਿਰ ਗਾਇਬ ਹੋ ਗਈ ਹਨੀਪ੍ਰੀਤ

**ਨਵੀਂ ਦਿੱਲੀ (ਬਿਊਰੋ)–** ਪੰਚਕੂਲਾ 'ਚ ਦੰਗੇ ਭੜਕਾਉਣ ਅਤੇ ਦੇਸ਼ਧ੍ਰੋਹ ਦੇ ਦੋਸ਼ਾਂ ਤੋਂ ਭੱਜੀ ਫਿਰ ਰਹੀ ਹਨੀਪ੍ਰੀਤ ਇੰਸਾ ਨੂੰ ਦਿੱਲੀ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਹਾਈ ਕੋਰਟ ਨੇ ਉਸ ਨੂੰ ਆਤਮ ਸਮਰਪਣ ਕਰਨ ਦੀ ਹਦਾਇਤ ਕਰਦਿਆਂ ਟਰਾਂਜ਼ਿਟ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਉਹ ਗ੍ਰਿਫ਼ਤਾਰੀ ਤੋਂ ਭੱਜ ਰਹੀ ਹੈ ਜਿਸ ਕਾਰਨ ਉਹ ਕਿਸੇ ਵਿਸ਼ੇਸ਼ ਰਾਹਤ ਦੀ



ਹੱਕਦਾਰ ਨਹੀਂ ਹੈ। ਜਸਟਿਸ ਸੰਗੀਤਾ ਢੀਂਗਰਾ ਸਹਿਗਲ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਿੱਲੀ 'ਚ ਇਸ ਕਰਕੇ ਪਾਈ ਗਈ ਤਾਂ ਜੋ ਹੋਰ ਸਮਾਂ ਲਿਆ ਜਾ ਸਕੇ ਅਤੇ ਪੰਚਕੂਲਾ ਅਦਾਲਤ 'ਚ ਚਲ ਰਹੀ ਕਾਰਵਾਈ 'ਚ ਦੇਰੀ ਹੋਵੇ। ਇਸ ਤੋਂ ਪਹਿਲਾਂ ਦਿਨ ਵੇਲੇ ਹਾਈ ਕੋਰਟ ਨੇ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੁਣਵਾਈ ਦੌਰਾਨ ਹਾਈ ਕੋਰਟ ਨੇ ਦਿੱਲੀ 'ਚ

(ਬਾਕੀ ਸਫਾ 4 ਤੇ)

Best Payment Solutions
We Provide Free
ATM & Credit Card Machine
Call For More Info
Sam: (916) 289-0413,
Ranjeet Gill (916) 759-7141
We will beat any Rate
Tarsem Singh Sam
capitalcityatm@yahoo.com
Ranjit Singh Gill
norcalatmusa@gmail.com

BAGGA JEWELERS
916-912-8842, 916-329-8772
jewelers.Bagga@gmail.com
SINCE 1996
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੰਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸ਼ੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨੰਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com
Jasvinder Sandhu

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX
Shaan Nijjar
(916) 751-8852 Realtor®/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




# ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆਂ

6221- 16th Street , Rio Linda ( Sacramento) CA 95823 Ph-916-992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰੀਓਲਿੰਡਾ ਦਾ 25ਵਾਂ ਸਥਾਪਨਾ ਦਿਵਸ 1 ਅਕਤੂਬਰ 2017 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਹੁੰਮ ਹੁੰਮਾ ਕੇ ਪੁੱਜਣ ਦੀ ਬੇਨਤੀ

## ਪ੍ਰੋਗਰਾਮ ਦਾ ਵੇਰਵਾ

ਆਰੰਭ ਸ੍ਰੀ ਆਖੰਡ ਪਾਠ ਸਾਹਿਬ -29 ਸਤੰਬਰ ਦਿਨ ਸ਼ੁਕਰਵਾਰ ਸਵੇਰੇ 9 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ-1 ਅਕਤੂਬਰ ਦਿਨ ਐਤਵਾਰ

ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ 30 ਸਤੰਬਰ ਦਿਨ ਸ਼ਨੀਵਾਰ ਸ਼ਾਮ 4 ਵਜੇ

*ਨਿਸ਼ਾਨ ਸਾਹਿਬ ਦੀ ਸੇਵਾ ਭਾਈ ਜਸਵਿੰਦਰ ਪਾਲ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ*

*ਚੰਦੋਆ ਸਾਹਿਬ ਦੀ ਸੇਵਾ ਸ਼ਿਵ ਹੀਰਾ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ*

*ਆਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਜਸਵਿੰਦਰ ਬੰਗਾ, ਸੁਭਾਸ਼ ਬੰਗਾ ਅਤੇ ਬੰਗਾ ਪਰਿਵਾਰ, ਅਵਤਾਰ ਸਿੰਘ ਜੱਸਲ ਅਤੇ ਜੱਸਲ ਪਰਿਵਾਰ ਸਮੇਤ ਸਮੂਹ ਸੰਗਤ ਵਲੋਂ ਕੀਤੀ ਜਾਵੇਗੀ*

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਗੁਰਦੁਆਰਾ ਦੀ ਸਥਾਪਨਾ ਦਿਵਸ ਦੀਆਂ ਲੱਖ ਲੱਖ ਵਧਾਈਆਂ

ਹੋਰ ਜਾਣਕਾਰੀ ਲਈ ਸੰਪਰਕ ਕਰੋ: ਸੁਭਾਸ਼ ਬੰਗਾ: 208-695-3878
ਅਵਤਾਰ ਜੱਸਲ-208-409-5973 ,ਰਾਮੇਸ਼ ਬੰਗੜ-916-821-2175

# ਫਰਿਜਨੋ ਦੀ ਫੀਲਡ ਹਾਕੀ ਕਲੱਬ ਵੱਲੋਂ ਜਗਰੂਪ ਜਰਖੜ ਦਾ ਨਿੱਘਾ ਸੁਆਗਤ




**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਉੱਘੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਪਿਛਲੇ ਦਿਨੀ ਆਪਣੀ ਕੈਲੇਫੋਰਨੀਆਂ ਫੇਰੀ ਦੌਰਾਨ ਫਰਿਜਨੋ ਵਿਖੇ ਪਹੁੰਚੇ ਜਿੱਥੇ ਸਥਾਨਕ ਫੀਲਡ ਹਾਕੀ ਕਲੱਬ ਦੇ ਅਹੁਦੇਦਾਰਾਂ ਅਤੇ ਹਾਕੀ ਖਿਡਾਰੀਆਂ ਵੱਲੋਂ ਉਹਨਾਂ ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਪ੍ਰੋਗਰਾਮ ਦਾ ਅਯੋਜਨ ਇੰਡੀਆ ਓਵਨ ਰੈਸਟੋਰੈਂਟ ਵਿੱਚ ਕੀਤਾ ਗਿਆ।

ਇਸ ਸਨਮਾਨ ਸਮਾਰੋਹ ਦੀ ਸ਼ੁਰੂਆਤ ਕਲੱਬ ਦੇ ਮੋਢੀ ਮੈਂਬਰ ਗੈਰੀ ਗਰੇਵਾਲ਼ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ।

ਕਲੱਬ ਦੇ ਨਵ ਨਿਯੁਕਤ ਡਰਿਕਟਰ ਜਗਰੂਪ ਗਰੇਵਾਲ਼ ਨੇ ਕਲੱਬ ਦੀਆਂ ਪ੍ਰਾਪਤੀਆਂ ਗਿਣਾਉਂਦਿਆਂ ਕਿਹਾ ਕਿ ਕਲੱਬ ਹੁਣ ਤੱਕ 6 ਟੂਰਨਾਮੈਂਟ ਖੇਡਕੇ ਵਧੀਆ ਪਰਦਰਸ਼ਨ ਕਰ ਚੁੱਕੀ ਹੈ, ਅਤੇ ਅਸੀਂ ਕੋਸ਼ਿਸ਼ ਕਰਾਂਗੇ ਕਿ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਸਾਬਕਾ ਖਿਡਾਰੀਆਂ ਨੂੰ ਨਾਲ ਲੈਕੇ ਨਵੀਂ ਪਨੀਰੀ ਨੂੰ ਹਾਕੀ ਵੱਲ ਮੋੜੀਏ। ਇਸ ਸਮੇਂ ਜਗਰੂਪ ਸਿੰਘ ਜਰਖੜ ਨੇ ਫਰਿਜਨੋ ਦੀ ਫੀਲਡ ਹਾਕੀ ਕਲੱਬ ਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਤੇ ਜਰਖੜ ਅਕੈਡਮੀ ਵੱਲੋਂ ਫਰਿਜਨੋ ਹਾਕੀ ਕਲੱਬ ਨੂੰ ਹਰ ਕਿਸਮ ਦੇ ਸਹਿਯੋਗ ਦਾ ਭਰੋਸਾ ਦਵਾਇਆ।ਅਖੀਰ ਵਿੱਚ ਹੈਰੀ ਭੰਗੂ ਨੇ ਸਭਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹੋਰਨਾ ਤੋਂ ਇਲਾਵਾ ਜਗਦੀਪ ਬੱਲ, ਦਵਿੰਦਰ ਸਿੰਘ ਵੜਿੰਗ, ਯਾਦਵਿੰਦਰ ਸਿੰਘ, ਕਾਲਾ ਕਿਲਾ ਰਾਏਪੁਰ, ਸ਼ਮੀਰ ਸ਼ੰਮੀ, ਸੰਦੀਪ ਸਿੱਧੂ, ਲੱਕੀ ਭੱਠਲ, ਦੀਪ ਗਿੱਲ ਅਤੇ ਚੰਨੀ ਰਸੀਨ ਆਦਿ ਮਜੂਦ ਰਹੇ।

# ਕੁਲਦੀਪ ਭੱਟੀ ਦਾ ਫਰਿਜ਼ਨੋ ਵਿਖੇ ਨਿੱਘਾ ਸੁਆਗਤ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਉੱਘੇ ਸਮਾਜਸੇਵੀ ਤੇ ਹਲਕਾ ਨਿਹਾਲ ਸਿੰਘ ਵਾਲਾ ਦੀ ਸਿਰਮੌਰ ਸ਼ਖ਼ਸੀਅਤ ਕੁਲਦੀਪ ਭੱਟੀ ਅੱਜ-ਕੱਲ੍ਹ ਆਪਣੀ ਕੈਲੇਫੋਰਨੀਆਂ ਫੇਰੀ ਤੇ ਹੈ ਇਸੇ ਕੜੀ ਤਹਿਤ ਓਹਨਾਂ ਦੇ ਸਨਮਾਨ ਹਿੱਤ ਪੰਮਾਂ ਸੈਦੋਕੇ, ਜੱਸੀ ਬਰਾੜ, ਗੁਰਦੀਪ ਘੋਲੀਆ, ਡਾ. ਗਰਗ ਅਤੇ ਗੁਲਜ਼ਾਰ ਬਰਾੜ ਦੇ ਉੱਦਮ ਸਦਕਾ ਫਰਿਜ਼ਨੋ ਵਿਖੇ ਇੱਕ ਸਨਮਾਨ ਸਮਾਰੋਹ ਦਾ ਅਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਫਰਿਜ਼ਨੋ ਇਲਾਕੇ ਦੀਆਂ ਸਿਰਕੱਢ ਹਸਤੀਆਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਚਾਰ ਚੰਨ ਲਾਏ।ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਕੁਲਦੀਪ ਭੱਟੀ ਤਹਿਸੀਲ ਨਿਹਾਲ ਸਿੰਘ ਵਾਲਾ ਵਿਖੇ ਬਤੌਰ ਮੁੱਖ ਕਲਰਕ ਡੀਸੀ ਦਫਤਰ ਵੀ ਸੇਵਾਵਾਂ ਨਿਭਾਂ ਰਹਾ ਹੈ ਅਤੇ ਇਲਾਕੇ ਵਿੱਚ ਅੱਛਾ ਅਸਰ ਰਸੂਕ ਰੱਖਣ ਕਰਕੇ ਲੋਕੀਂ ਸਤਿਕਾਰ ਕਰਦੇ ਹਨ।ਕੁਲਦੀਪ ਭੱਟੀ ਸੰਗੀਤ ਨਾਲ ਵੀ ਜੁੜਿਓ ਹੋਇਆ ਹੈ। ਉਹ ਇੱਕ



ਵਧੀਆ ਗਾਇਕ ਹੋਣ ਦੇ ਨਾਲ ਨਾਲ ਲਿਖਾਰੀ ਵੀ ਚੋਟੀ ਦਾ ਹੈ।ਸੱਭਿਆਚਾਰ ਨੂੰ ਸਮਰਪਿਤ ਹੁਣ ਤੱਕ ਭੱਟੀ ਦੀਆਂ ਦੋ ਐਲਬਮਾਂ ਵੀ ਮਾਰਕੀਟ ਵਿੱਚ ਆ ਚੁਕੀਆਂ ਹਨ ਤੇ ਇਹਦੀ ਕਲਮ ਚੋਂ ਲਿਖੇ ਕਈ ਗੀਤ ਨਾਮੀ ਗਾਇਕ ਗਾ ਵੀ ਚੁੱਕੇ ਹਨ । ਕਾਂਗਰਸ ਪਾਰਟੀ ਦੇ ਮੋਢੀ ਲੀਡਰਾਂ ਦੀ ਕਤਾਰ ਵਿੱਚ ਵੀ ਭੱਟੀ ਨੇ ਆਪਣੀ ਨਵੇਕਲੀ ਥਾਂ ਬਣਾਈ ਹੋਈ ਹੈ ਅਤੇ ਇਲਾਕੇ ਦੇ ਕੰਮ ਪਹਿਲ ਦੇ ਅਧਾਰ ਤੇ ਕਰਵਾ ਰਿਹਾ ਹੈ। ਇਸ ਸਨਮਾਨ ਸਮਾਰੋਹ ਦੌਰਾਨ ਰੰਗਾ ਰੰਗ ਮਹਿਫ਼ਲ ਵੀ ਸਜਾਈ ਗਈ। ਇਸ ਸੰਗੀਤਕ ਸ਼ਾਮ ਵਿੱਚ ਗਾਇਕ ਅਕਾਸ਼ਦੀਪ, ਅਵਤਾਰ ਗਰੇਵਾ਼ਲ, ਕਵੀਸ਼ਰ ਗੁਰਦੇਵ ਸਿੰਘ ਸਾਹੋਕੇ, ਪੱਪੀ ਭਦੌੜ, ਜਗਦੇਵ ਧੰਜਲ ਅਤੇ ਕੁਲਦੀਪ ਭੱਟੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੌਣਕ ਲਾਈ। ਮਲਕੀਤ ਸਿੰਘ ਕਿੰਗਰਾ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਅਖੀਰ ਪਤਵੰਤੇ ਸੱਜਣਾਂ ਨੇ ਕੁਲਦੀਪ ਭੱਟੀ ਨੂੰ ਸਨਮਾਨ ਚਿੰਨ ਨਾਲ ਨਿਵਾਜਿਆ।

# ਨਸਲਵਾਦ ਦੇ ਖ਼ਾਤਮੇ ਲਈ ਸਰਬੱਤ ਦੇ ਭਲੇ ਲਈ ਅਮਰੀਕਾ 'ਚ ਯਾਦਗਾਰ ਬਣਾਈ

ਕਨੈਕਟੀਕਟ (ਹੁਸਨ ਲੜੋਆ ਬੰਗਾ) ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਜ਼ੋਨ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਤੇ ਮੈਂਬਰ ਪਲੈਨਿੰਗ ਬੋਰਡ, ਨਾਰਵਿਚ ਕਨੈਕਟੀਕਟ ਯੂ. ਐਸ. ਏ. ਨੇ ਦੱਸਿਆ ਕਿ ਨਾਰਵਿਚ ਕਨੈਕਟੀਕਟ (ਨਾਰਵਿਚ ਸਮੁੰਦਰ ਕੰਢੇ 'ਤੇ ਇੱਕ ਸਾਂਝੀਵਾਲਤਾ ਨੂੰ ਸਮਰਪਿਤ ਯਾਦਗਾਰ ਬਣਾਈ ਗਈ ਹੈ, ਜੋ ਕਿ ਸਿਟੀ ਆਫ ਨਾਰਵਿਚ ਤੋਂ ਇਜਾਜ਼ਤ ਲੈ ਕੇ ਉਸਾਰੀ ਗਈ ਹੈ। ਸ. ਖ਼ਾਲਸਾ ਨੇ ਦੱਸਿਆ ਕਿ ਇਸ ਯਾਦਗਾਰ ਵਿੱਚ ਰੋਟਰੀ ਕਲੱਬ ਸਟੇਟ ਅਮਰੀਕਾ ਦਾ ਵਿਸ਼ੇਸ਼ ਯੋਗਦਾਨ ਹੈ। ਉਨਾਂ ਨੇ ਦੱਸਿਆ ਕਿ ਇਹ ਯਾਦਗਾਰ ਵਿਸ਼ਵ ਸ਼ਾਂਤੀ ਤੇ ਸਮੁੱਚੇ ਭਾਈਚਾਰੇ ਦੀ ਪ੍ਰਤੀਕ ਹੈ। ਇਸ ਯਾਦਗਾਰ ਵਿੱਚ ਚਾਰ ਪੋਲ ਲਗਾਏ ਗਏ ਹਨ। ਇੱਕ ਪੋਲ ਵਿੱਚੋਂ ਅੱਠ ਭਾਸ਼ਾਵਾਂ ਆ ਜਾਂਦੀਆਂ ਹਨ। ਇਸ ਤਰਾਂ 32 ਭਾਸ਼ਾਵਾਂ ਨੂੰ ਵਿਸ਼ਵ ਸ਼ਾਂਤੀ ਦਾ ਸੁਨੇਹਾ ਦੇਣ ਦੇ ਲਈ ਵਰਤੋਂ ਵਿੱਚ ਲਿਆਂਦਾ ਗਿਆ ਹੈ। ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਜ਼ੋਨ ਦੇ ਪ੍ਰਧਾਨ ਨੇ ਦੱਸਿਆ ਕਿ ਇਹੋ ਜਿਹੇ ਪੋਲ ਹੋਰ ਮੁਲਕਾਂ ਵਿੱਚ ਵੀ ਮੌਜੂਦ ਹਨ। ਪਰ ਅਮਰੀਕਾ



ਪਹਿਲਾ ਮੁਲਕ ਹੈ, ਜਿਸ ਵਿੱਚ ਸਿੱਖਾਂ ਤੇ ਪੰਜਾਬੀਆਂ ਵੱਲੋਂ ਵਿਸ਼ਵ ਸ਼ਾਂਤੀ ਦਾ ਸੁਨੇਹਾ ਦਿੱਤਾ ਗਿਆ ਹੈ। ਉਨਾਂ ਦੱਸਿਆ ਕਿ ਸਿੱਖ ਅਰਦਾਸ ਵਿੱਚ 'ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਉਚਾਰਨ ਕਰਦੇ ਹਨ, ਜਿਸ ਤੋਂ ਬਿਨਾਂ ਸਿੱਖ ਅਰਦਾਸ ਸੰਪੂਰਨ ਨਹੀਂ ਹੁੰਦੀ। ਇਹ ਲਾਈਨਾਂ ਨਾਨਕ ਨਾਮ ਚੜਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਇਸ ਪੋਲ ਉੱਪਰ ਅੰਕਿਤ ਕੀਤੀਆਂ ਗਈਆਂ ਹਨ। ਉਨਾਂ ਕਿਹਾ ਕਿ ਇਹ ਉਪਰਾਲਾ ਨਸਲਵਾਦ ਨੂੰ ਖ਼ਤਮ ਕਰਨ ਦੇ ਲਈ ਤੇ ਵਿਸ਼ਵ ਭਾਈਚਾਰਾ ਮਜ਼ਬੂਤ ਕਰਨ ਦੇ ਲਈ ਕੀਤਾ ਗਿਆ। ਉਨਾਂ ਕਿਹਾ ਕਿ ਗੁਰਬਾਣੀ ਦਾ ਫਲਸਫਾ ਜੋ ਸਰਬੱਤ ਦੇ ਭਲੇ ਦਾ ਪ੍ਰਗਟਾਵਾ ਕਰਦਾ ਹੈ, ਉਹ ਅੱਜ ਵੀ ਵਿਸ਼ਵ ਨੂੰ ਇਕਮੁੱਠ ਕਰਨ ਵਿੱਚ ਸਹਾਈ ਹੋ ਸਕਦਾ ਹੈ। ਵੱਖ-ਵੱਖ ਸੱਭਿਆਚਾਰਾਂ, ਧਰਮਾਂ, ਜਾਤਾਂ ਦੇ ਲੋਕ ਇੱਕ ਅਕਾਲ ਪੁਰਖ ਦੀ ਰਚਨਾ ਹੋਣ ਕਰਕੇ ਆਪਸ ਵਿੱਚ ਮਿਲਵਰਤਣ ਨਾਲ ਰਹਿ ਸਕਦੇ ਹਨ ਤੇ ਦਹਿਸ਼ਤਵਾਦ, ਨਫ਼ਰਤ ਤੇ ਖ਼ੂਨ ਖ਼ਰਾਬੇ ਤੋਂ ਮੁਕਤ ਹੋ ਸਕਦੇ ਹਨ। ਸਵਰਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਸਿੱਖ ਸੇਵਕ ਸੁਸਾਇਟੀ ਦਾ ਨਿਸ਼ਾਨਾ, ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ, ਫਲਸਫੇ ਅਨੁਸਾਰ ਸਮੁੱਚੀ ਮਨੁੱਖੀ ਏਕਤਾ, ਮਨੁੱਖੀ ਅਜ਼ਾਦੀ, ਮਨੁੱਖੀ ਅਧਿਕਾਰਾਂ ਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋ ਕੇ ਵਿਸ਼ਵ ਸ਼ਾਂਤੀ ਲਈ ਸਰਗਰਮ ਹੋਣਾ ਹੈ ਤਾਂ ਜੋ ਨਸਲਵਾਦ, ਜਾਤੀਵਾਦ ਤੇ ਨਫ਼ਰਤ ਖ਼ਤਮ ਹੋ ਸਕੇ ਤੇ ਲੋਕ 'ਹਲੇਮੀ ਰਾਜ' ਦਾ ਅਨੰਦ ਮਾਣ ਸਕਣ। ਸ. ਸਵਰਨਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਇਸ ਵਿੱਚ ਕੈਫੀ ਆਸਟਨ ਜੋ ਕਿ ਉੱਥੋਂ ਦੀ ਸੈਨੇਟਰ ਹੈ, ਸਟੇਟ ਰੀਪ੍ਰੈਜੈਂਟੇਟਿਵ ਕੈਬਿਨ ਰਾਇਲ ਮੇਅਰ ਨਾਰਵਿਚ ਵੈਂਬਇੰਚੀ ਪੁਲੀਸ ਚੀਫ ਪੈਟਰਿਕ ਡੇਲੀ ਰੋਟਰੀ ਕਲੱਬ ਦੀ ਪ੍ਰਤੀਨਿੰਧ ਬੋਨੀ ਹਾਂਗ ਨੇ ਹਿੱਸਾ ਲਿਆ। ਬੋਨੀ ਹਾਂਗ ਤੋਂ ਇਲਾਵਾ ਹਿੰਦੂ ਪ੍ਰਚਾਰਕਾਂ ਤੇ ਹੋਰ ਧਰਮਾਂ ਦੀਆਂ 150 ਸ਼ਖ਼ਸੀਅਤਾਂ ਨੇ ਹਿੱਸਾ ਲਿਆ।




# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ

**ਯੂਬਾ ਸਿਟੀ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 23 ਸਤੰਬਰ ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਰਬੱਤ ਸਾਧ ਸੰਗਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ, ਜਿਸ ਵਿਚ ਮਿਤੀ 24 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਅਲੋਚਨਾ ਰਾਏ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**ਸ੍ਰੀ ਲੇਖ ਰਾਜ ਜੀ ਨਾਲ ਦੁੱਖ ਦਾ ਪ੍ਰਗਟਾਵਾ**

ਗੁਰੂ ਪਿਆਰੀ ਸਾਧ ਸੰਗਤ ਜੀਓ, ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੇ ਬੜੇ ਹੀ ਪਿਆਰੇ ਸ਼ਰਧਾਲੂ ਸ੍ਰੀ ਲੇਖ ਰਾਜ ਜੀ ਦੇ ਮਾਤਾ ਜੀ ਬੀਬੀ ਪ੍ਰਕਾਸ਼ ਕੌਰ ਜੀ ਜੋ ਕਿ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੇ ਅਚਾਨਕ ਇਸ ਤਰ੍ਹਾਂ ਸੰਸਾਰ ਤੋਂ ਚਲੇ ਜਾਣ ਨਾਲ ਸਮੂਹ ਸਾਧ ਸੰਗਤ ਨੇ ਬੜੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਅੰਤਿਮ ਸੰਸਕਾਰ ਦਾ ਸਮਾਂ 11 ਤੋਂ 1 ਵਜੇ 30 ਸਤੰਬਰ ਦਿਨ ਸ਼ਨੀਵਾਰ ਨੂੰ

Chapel of the twin atess 715 Shasta Street, Yuba City 95991

ਅੰਤਿਮ ਰਸਮਾਂ- 11 ਤੋਂ 1 ਵਜੇ, ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ

Shree Guru Ravidass Temple, 1480 Hayne Ave, Yuba City

ਸ੍ਰੀ ਲੇਖ ਰਾਜ ਜੀ ਨਾਲ ਦੁੱਖ ਸਾਂਝਾ ਪ੍ਰਗਟ ਕਰਨ ਲਈ ਸੰਪਰਕ ਕਰੋ: 916-968-3684

ਗੁਰੂ ਘਰ ਦਾ ਨੰਬਰ 530-674-2564

# ਜ਼ਮਾਨਤ ਰੱਦ ਹੋਣ ਤੋਂ ਬਾਅਦ ਫਿਰ ਗਾਇਬ ਹੋ ਗਈ ਹਨੀਪ੍ਰੀਤ

(ਸਫਾ 1 ਦੀ ਬਾਕੀ)

ਪੇਸ਼ਗੀ ਜ਼ਮਾਨਤ ਦਾਖ਼ਲ ਕਰਨ 'ਤੇ ਵੀ ਸਵਾਲ ਉਠਾਇਆ ਅਤੇ ਕਿਹਾ ਕਿ ਉਹ ਹਰਿਆਣਾ ਦੀ ਪੱਕੀ ਵਸਨੀਕ ਹੈ ਤਾਂ ਫਿਰ ਇਥੇ ਅਰਜ਼ੀ ਕਿਉਂ ਦਿੱਤੀ। ਦਿੱਲੀ ਅਤੇ ਹਰਿਆਣਾ ਪੁਲੀਸ ਦੇ ਵਕੀਲ ਨੇ ਕਿਹਾ ਕਿ ਆਪਣੇ ਹੱਕ 'ਚ ਫ਼ੈਸਲਾ ਕਰਾਉਣ ਲਈ ਅਜਿਹਾ ਹੱਥਕੰਡਾ ਵਰਤਿਆ ਗਿਆ ਹੈ ਅਤੇ ਦਿੱਲੀ ਦਾ ਗ਼ਲਤ ਪਤਾ ਦੇ ਕੇ ਉਹ ਅਦਾਲਤ ਨੂੰ ਗੁੰਮਰਾਹ ਕਰ ਰਹੀ ਹੈ। ਟਰਾਂਜ਼ਿਟ ਪੇਸ਼ਗੀ ਜ਼ਮਾਨਤ ਅਰਜ਼ੀ ਦਿੱਲੀ ਤੋਂ ਹਰਿਆਣਾ ਜਾਣ ਸਮੇਂ ਗ੍ਰਿਫ਼ਤਾਰੀ ਤੋਂ ਬਚਣ ਲਈ ਮੰਗੀ ਗਈ ਸੀ। ਹਨੀਪ੍ਰੀਤ ਦਿੱਲੀ ਆ ਕੇ ਆਪਣੇ ਵਕੀਲ ਨੂੰ ਮਿਲੀ ਅਤੇ ਫਿਰ ਗਾਇਬ ਹੋ ਗਈ। ਉਹ ਹਰਿਆਣਾ ਪੁਲੀਸ ਦੇ ਨਾਲ-ਨਾਲ ਦਿੱਲੀ ਪੁਲੀਸ ਨੂੰ ਵੀ ਚਕਮਾ ਦੇ ਗਈ। ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ 'ਚ ਇਕ ਔਰਤ ਕਾਲਾ ਬੁਰਕਾ ਪਾਈ ਨਜ਼ਰ ਆ ਰਹੀ ਹੈ।

# ਪੰਜਾਬੀ ਸਾਹਿਤ ਸਭਾ ਸਟਾਕਟਨ ਦਾ ਨਵਾਂ ਸੰਵਿਧਾਨ ਸਰਬਸੰਮਤੀ ਨਾਲ ਪ੍ਰਵਾਨ

## ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੂੰ ਵਿਦਾਇਗੀ ਪਾਰਟੀ

**ਸਟਾਕਟਨ:** ਪੰਜਾਬੀ ਸਾਹਿਤ ਸਭਾ, ਸਟਾਕਟਨ ਵੱਲੋਂ ਬੀਤੇ ਵੀਰਵਾਰਕੈਲੀਫੋਰਨੀਆ ਦੇ ਸ਼ਹਿਰ ਫਰੈਂਚ ਕੈਂਪ ਦੇ 'ਇੰਡੀਅਨ ਤਾਜ ਕੁਜ਼ੀਨ' ਵਿਚ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਹਰਜਿੰਦਰ ਪੰਧੇਰ ਦੀ ਦੇਖ-ਰੇਖ ਅਧੀਨ ਹੋਈ ਇਸ ਇਕੱਤ੍ਰਤਾ ਵਿਚਸਭਾ ਦੇ ਨਵੇਂ ਸੰਵਿਧਾਨ ਬਾਰੇ ਭਖਵੀਂ, ਤਿੱਖੀ ਅਤੇ ਭਰਪੂਰ ਬਹਿਸ ਤੋਂ ਮਗਰੋਂ ਕਈ ਜ਼ਰੂਰੀ ਸੋਧਾਂ ਕੀਤੀਆਂ ਗਈਆਂ। ਇਨ੍ਹਾਂ ਸੋਧਾਂ ਦੇ ਨਾਲ ਇਹ ਸੰਵਿਧਾਨ ਹਾਜ਼ਰ ਮੈਂਬਰਾਂ ਦੀ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਗਿਆ। ਇਸ ਸੰਵਿਧਾਨ ਅਨੁਸਾਰ ਸਭਾ ਦਾ ਮੁੱਖ ਉਦੇਸ਼: ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦੇ ਬਹੁ-ਪੱਖੀ ਵਿਕਾਸ, ਪਾਸਾਰ, ਪ੍ਰਫੁੱਲਤਾ ਅਤੇ ਮਿਆਰ ਲਈ ਕੰਮ ਕਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਪਰਵਾਸੀ ਪੰਜਾਬੀ ਲੇਖਕਾਂ ਨੂੰ ਇਸ ਸਭਾ ਨਾਲ ਜੋੜਨਾ, ਲੋਕ-ਹਿਤੈਸ਼ੀ ਸਰੋਕਾਰਾਂ ਵਾਲਾ ਸਾਹਿਤ ਸਿਰਜਨ ਲਈ ਪ੍ਰੇਰਿਤ ਕਰਨਾ, ਅਣਪ੍ਰਕਾਸ਼ਿਤ ਮੌਲਿਕ ਰਚਨਾਵਾਂ ਬਾਰੇ ਵਿਚਾਰ ਚਰਚਾ ਕਰਨ ਲਈ ਵਰਕਸ਼ਾਪਾਂ ਲਾਉਣਾ, ਕਲਾਤਮਕ, ਮਿਆਰੀਅਤੇ ਗੌਲਣਯੋਗ ਸਾਹਿਤਕ ਕਿਰਤਾਂ ਨੂੰ ਸੰਭਾਲਣ ਅਤੇ ਸੰਗ੍ਰਹਿਤ ਕਰਨ ਦੇ ਹਰ ਸੰਭਵ ਯਤਨ ਕਰਨਾ ਹੋਵੇਗਾ। ਹੋਰ ਮੁੱਖ ਕਾਰਜਾਂ ਵਿਚ: ਪਰਵਾਸੀ ਪੰਜਾਬੀ ਸਾਹਿਤ ਦੇ ਵਿਸ਼ਲੇਸ਼ਣ ਅਤੇ ਮੁਲਾਂਕਣ ਲਈ ਖੋਜ ਪ੍ਰਯੋਜਨ ਤੈਅ ਕਰਨ ਦੇ ਨਾਲ-ਨਾਲ, ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸੁਯੋਗ ਸਾਹਿਤਕਾਰਾਂ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰਨਾ ਅਤੇ ਲੇਖਕਾਂ, ਪਾਠਕਾਂ ਅਤੇ ਅਕਾਦਮਿਕ ਵਿਦਵਾਨਾਂ ਨਾਲ ਰੂ-ਬ-ਰੂ ਕਰਨਾ ਵੀ ਸ਼ਾਮਲ ਹੋਵੇਗਾ। ਇਸਦੇ ਇਲਾਵਾ




ਸਭਾ ਵੱਲੋਂ ਸਮੇਂ ਸਮੇਂ ਹੋਰ ਸਾਹਿਤਕ ਅਤੇ ਭਾਈਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸਾਹਿਤਕ ਸਰਗਰਮੀਆਂ ਦਾ ਆਯੋਜਨ ਵੀ ਕੀਤਾ ਜਾਵੇਗਾ। ਨਵੇਂ ਸੰਵਿਧਾਨ ਨੂੰ ਪਾਸ ਕਰਨ ਲਈ ਚੱਲੀ ਇਸ ਭਰਵੀਂ ਬਹਿਸ ਵਿਚ ਜਿਨ੍ਹਾਂ ਨੇ ਸਰਗਰਮ ਹਿੱਸਾ ਲਿਆ, ਉਨ੍ਹਾਂ ਵਿਚ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਤ੍ਰਿਪਤ ਸਿੰਘ ਭੱਟੀ, ਹਰਨੇਕ ਸਿੰਘ, ਤਾਰਾ ਸਿੰਘ ਸਾਗਰ, ਹਰਪ੍ਰੀਤ ਕੌਰ ਧੂਤ ਅਤੇ ਡਾ. ਗੋਬਿੰਦਰ ਸਿੰਘ ਸਮਰਾਓ ਸ਼ਾਮਲ ਹਨ। ਇਸ ਸਮੁੱਚੀ ਕਾਰਵਾਈ ਵਿਚ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੇ ਮਹਿਮਾਨ ਵਿਦਵਾਨਾਂ ਵੱਜੋਂ ਹਿੱਸਾ ਲਿਆ ਅਤੇ ਆਪਣੇ ਕਈ ਮੁੱਲਵਾਨ ਸੁਝਾਵ ਰੱਖੇ, ਜਿਨ੍ਹਾਂ ਵਿਚੋਂ ਕੁਝ ਕੁ ਸਰਬ-ਸੰਮਤੀ ਨਾਲ ਪ੍ਰਵਾਨ ਅਤੇ ਸੰਵਿਧਾਨ ਵਿਚ ਅੰਕਿਤ ਕਰ ਲਏ ਗਏ।

ਲੰਚ ਤੋਂ ਬਾਅਦ ਸਭਾ ਵਲੋਂ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ। ਪ੍ਰੋ. ਹਰਭਜਨ ਸਿੰਘ ਨੇ ਪਰਵਾਸੀ ਪੰਜਾਬੀ ਸਾਹਿਤ ਦੇ ਅਧਿਐਨ, ਮੁਲਾਂਕਣ ਅਤੇ ਪਾਸਾਰ ਵਿੱਚ ਪਾਏ ਉਨ੍ਹਾਂ ਦੇ ਨਿਰੰਤਰ ਯੋਗਦਾਨ ਦੀ ਭਰਭੂਰ ਸ਼ਲਾਘਾ ਕੀਤੀ। ਇਸ ਮੌਕੇ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਭਾ ਦੇ ਹਰੇਕ ਮੈਂਬਰ ਦਾ ਪ੍ਰਮੁੱਖ ਪ੍ਰਯੋਜਨ ਉੱਚ ਦਰਜੇ ਦਾ ਸਾਹਿਤ ਪੜ੍ਹਨਾ ਅਤੇ ਖੁਦ ਮਿਆਰੀ ਤੇ ਮੌਲਿਕ ਸਾਹਿਤ ਸਿਰਜਨਾ ਹੋਣਾ ਚਾਹੀਦਾ ਹੈ। ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਕਾਰਜਾਂ ਤੇ ਸਰਗਰਮੀਆਂ ਦੀ ਭਰਪੂਰ ਸਰਾਹਨਾ ਕਰਦੇ ਹੋਏ ਉਨ੍ਹਾਂ ਕਿਹਾ, ਸਭਾ ਦਾ ਕੰਮ ਪਰਵਾਸੀ ਪੰਜਾਬੀਆਂ ਦੇ ਪਰਸਪਰ ਮਿਲਵਰਤਨ ਤੋਂ ਇਲਾਵਾ ਹੋਰ ਪਰਵਾਸੀ ਭਾਈਚਾਰਿਆਂ ਦੇ ਲੇਖਕਾਂ ਤੇ ਕਲਾਕਾਰਾਂ ਨਾਲ ਮਿਲ ਕੇ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਕਰਨਾ ਵੀ ਹੋਣਾ ਚਾਹੀਦਾ ਹੈ। ਡਾ. ਧਨਵੰਤ ਕੌਰ ਨੇ ਕਿਹਾ"ਜੇਕਰ ਸਭਾ ਦਾ ਹਰੇਕ ਮੈਂਬਰ ਸਾਹਿਤ, ਸਭਿਆਚਾਰ ਅਤੇ ਉੱਚ ਇਨਸਾਨੀ ਕਦਰਾਂ-ਕੀਮਤਾਂ ਨੂੰ ਦਿਲ ਅਤੇ ਦਿਮਾਗ ਨਾਲ ਚਾਹੇਗਾ ਤਾਂ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੇਗਾ।" ਇਸ ਦੌਰਾਨ ਹਰਪ੍ਰੀਤ ਕੌਰ ਧੂਤ ਨੇ ਆਪਣੀਆਂ ਕੁਝ ਨਵੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਅੰਤ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵੱਲੋਂ ਸਭ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। **ਰਿਪੋਰਟ- ਹਰਜਿੰਦਰ ਪੰਧੇਰ (ਫੋਨ: 209-610-5055)**

# ਮੌਜੂਦਾ ਹਲਾਤਾਂ ਦੇ ਮੱਦੇਨਜ਼ਰ ਕੌਮ ਨੂੰ ਦਰਪੇਸ਼ ਸਮੱਸਿਆਵਾਂ ਤੇ ਚਿੰਤਨ ਲਈ ਹੋਇਆ ਵਿਸ਼ੇਸ਼ ਸੈਮੀਨਾਰ

## ਪੱਤਰਕਾਰ ਸੁਰਿੰਦਰ ਸਿੰਘ, ਡਾ. ਅਮਰਜੀਤ ਸਿੰਘ ਅਤੇ ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਸੰਗਤ ਨੂੰ ਕੀਤਾ ਸੰਬੋਧਨ

**ਈਸਟ ਕੋਸਟ (ਹੁਸਨ ਲੜੋਆ ਬੰਗਾ)-** ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸੰਤ ਸਾਗਰ ਵਿਖੇ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਕੌਮੀ ਸਮੱਸਿਆਵਾਂ ਦੇ ਹੱਲ ਅਤੇ ਚਿੰਤਨ ਲਈ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸੰਗਤ ਨੇ ਵਧ ਚੜ ਕੇ ਹਾਜ਼ਰੀ ਲਵਾਈ।

ਇਸ ਸੈਮੀਨਾਰ ਵਿੱਚ ਮੁੱਖ ਤੌਰ 'ਤੇ ਭਾਰਤ ਅੰਦਰ ਸਿੱਖਾਂ ਨਾਲ ਪਿਛਲੇ ਕਈ ਦਹਾਕਿਆਂ ਤੋਂ ਹੁੰਦੇ ਆ ਰਹੇ ਧੱਕੇ ਦਾ ਮੁੱਦਾ ਭਾਰੂ ਰਿਹਾ। ਸੰਗਤਾਂ ਨੂੰ ਸੰਬੋਧਨ ਕਰਦਿਆਂ ਪੱਤਰਕਾਰ ਸੁਰਿੰਦਰ ਸਿੰਘ ਨੇ ਕਿਹਾ ਕਿ ਅੱਜ ਹਾਲਾਤ ਇਹ ਬਣਾ ਦਿੱਤੇ ਗਏ ਹਨ ਕਿ ਪੰਜਾਬ ਦੀ ਧਰਤੀ 'ਤੇ ਸਾਡੇ ਇਸ਼ਟ ਗੁਰੂ ਗ੍ਰੰਥ ਸਾਹਿਬ ਦੀ ਸੁਰੱਖਿਆ ਤੇ ਸਵਾਲੀਆ ਚਿੰਨ ਲੱਗਾ ਹੋਇਆ ਹੈ। ਸਿੱਖਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਉਹਨਾਂ ਵਿੱਚ ਭੰਬਲਭੂਸਾ ਪੈਦਾ ਕੀਤਾ ਜਾ ਰਿਹਾ ਹੈ। ਸਾਡਾ ਦੁਸ਼ਮਣ ਨਹੀਂ ਚਾਹੁੰਦਾ ਕਿ ਅਸੀਂ ਹੱਕੀ ਮੰਗਾਂ ਲਈ ਇੱਕਮੁਠ ਹੋ ਕੇ ਲਾਮਬੰਦ ਹੋਈਏ, ਇਸ ਲਈ ਸਾਡੇ ਵਿੱਚ ਨਿਰਅਧਾਰ



ਗੱਲਾਂ ਨੂੰ ਲੈ ਕੇ ਟਕਰਾਅ ਦੀ ਸਥਿਤੀ ਬਣਾ ਦਿੱਤੀ ਜਾਂਦੀ ਹੈ। ਪਾਣੀਆਂ ਦਾ ਮਸਲਾ, ਭਾਸ਼ਾ ਦਾ ਮਸਲਾ ਅਤੇ ਰਾਜਨੀਤਕ ਗੁਲਾਮੀ ਦਾ ਮਸਲਾ ਸਾਡੀ ਅਸਲ ਸਮੱਸਿਆ ਹੈ, ਜਿਨਾਂ ਤੋਂ ਸਾਡਾ ਧਿਆਨ ਭਟਕਾਇਆ ਜਾ ਰਿਹਾ ਹੈ।

ਸੁਰਿੰਦਰ ਸਿੰਘ ਤੋਂ ਬਾਅਦ ਡਾ. ਅਮਰਜੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਨੂੰ ਬਿਮਾਰੀ ਦੇ ਲੱਛਣਾਂ ਵੱਲ ਧਿਆਨ ਦੇਣ ਦੀ ਥਾਂ 'ਤੇ ਬਿਮਾਰੀ ਦੀ ਜੜ ਵੱਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਸਾਡਾ ਦੁਸ਼ਮਣ ਬ੍ਰਾਹਮਣਵਾਦੀ ਵਿਚਾਰਧਾਰਾ ਹੈ। ਬ੍ਰਾਹਮਣਵਾਦ ਨੇ ਪਹਿਲਾਂ ਭਾਰਤ ਦੀ ਧਰਤੀ ਤੋਂ ਬੁੱਧ ਧਰਮ ਦਾ ਖਾਤਮਾ ਕੀਤਾ ਅਤੇ ਅੱਜ ਸਿੱਖੀ ਨੂੰ ਖਤਮ ਕਰਨ ਦੀਆਂ ਡੂੰਘੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਡਾ. ਸੁਖਪ੍ਰੀਤ ਸਿੰਘ ਉਦੋਕੇ ਨੇ ਅੱਜ ਦੇ ਸਮੇਂ ਪੰਜਾਬ ਨੂੰ ਹਰ ਪੱਖੋਂ ਪ੍ਰਫੁਲੱਤ ਕਰਨ ਵੱਲ ਸੰਗਤਾਂ ਦਾ ਧਿਆਨ ਕੇਂਦਰਿਤ ਕੀਤਾ ਅਤੇ ਕਿਹਾ ਕਿ ਸਾਨੂੰ ਵਿੱਦਿਆ ਪੱਖੋਂ, ਉਦਯੋਗ ਪੱਖੋਂ ਅਤੇ ਮਾਨਸਿਕ ਤੌਰ ਤੇ ਤਿਆਰ ਬਰ ਤਿਆਰ ਹੋ ਕੇ ਸਮੇਂ ਦਾ ਟਾਕਰਾ ਕਰਨਾ ਚਾਹੀਦਾ ਹੈ ਅਤੇ ਰਾਜਸੀ ਅਜ਼ਾਦੀ ਲਈ ਪੇਸ਼ਕਦਮੀਂ ਕਰਨੀ ਚਾਹੀਦੀ ਹੈ। ਇਸ ਸੈਮੀਨਾਰ ਵਿੱਚ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਤੋਂ ਹਰਜਿੰਦਰ ਸਿੰਘ ਪਾਈਨਹਿੱਲ ਅਤੇ ਸਿੱਖਸ ਫਾਰ ਜਸਟਿਸ ਤੋਂ ਡਾ. ਬਖਸ਼ੀਸ਼ ਸਿੰਘ ਸੰਧੂ ਵਲੋਂ ਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। ਸਟੇਜ ਦਾ ਸੰਚਾਲਨ ਰਜਿੰਦਰ ਸਿੰਘ ਵਲੋਂ ਬੜੀ ਖੂਬਸੂਰਤੀ ਨਾਲ ਕੀਤਾ ਗਿਆ ।

# ਪੁੱਤਰ 'ਪ੍ਰਭੂ ਵਾਲਮੀਕਿ ਜੀ ਦੇ' ਸ਼ਬਦ ਨਾਲ ਹਾਜ਼ਰ ਗਾਇਕ ਜੋੜੀ- ਸ਼ਨੀ ਨਾਹਰ ਤੇ ਲਕਸ਼

**ਚੰਡੀਗੜ੍ਹ (ਪ੍ਰੀਤਮ ਲੁਧਿਆਣਵੀ)-** ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਮੁੱਖ ਰੱਖਦੇ ਹੋਏ ਮਿਊਜਿਕ ਕੇਅਰ ਕੰਪਨੀ ਵੱਲੋਂ ਵੱਡੇ ਪੱਧਰ 'ਤੇ ਬਾਬਾ ਜੀ ਦਾ ਸ਼ਬਦ, 'ਪੁੱਤਰ ਪ੍ਰਭੂ ਵਾਲਮੀਕਿ ਜੀ ਦੇ' ਪ੍ਰਭੂ-ਭਗਤਾਂ ਲਈ ਲੈ ਕੇ ਹਾਜ਼ਰ ਹੋ ਰਹੇ ਹਨ : ਜਿਸ ਨੂੰ ਸੁਰੀਲੀ ਅਵਾਜ਼ ਵਿੱਚ ਪਰੋਇਆ ਹੈ ਗਾਇਕ ਜੋੜੀ ਸ਼ਨੀ ਨਾਹਰ ਤੇ ਲਕਸ਼ ਜੀ ਨੇ। ਸ਼ਨੀ ਨਾਹਰ ਦੀ ਆਪਣੀ ਹੀ ਕਲਮ ਦੇ ਇਸ ਸ਼ਬਦ ਨੂੰ ਸੰਗੀਤ ਬੱਧ ਕੀਤਾ ਹੈ, ਬੱਲੀ ਅਟਵਾਲ ਨੇ। ਇਸ ਸ਼ਬਦ ਨੂੰ ਤਿਆਰ ਕਰਨ ਵਿੱਚ ਰਾਜ ਕੁਮਾਰ, ਹਰਜੀਤ ਨਾਹਰ, ਰੌਕੀ ਅਤੇ ਪਿੰਡ ਮਾਨਾ ਤਲਵੰਡੀ ਵਾਲਿਆ ਦਾ ਵਿਸ਼ੇਸ਼ ਸਹਿਯੋਗ ਰਿਹਾ। ਗਾਇਕ ਜੋੜੀ ਨੂੰ ਆਸ ਹੈ ਕਿ ਪ੍ਰਭੂ-ਭਗਤ ਅਤੇ ਕਲਾ ਦੇ ਕਦਰਦਾਨ ਇਸ ਸ਼ਬਦ ਨੂੰ ਭਰਪੂਰ ਪਿਆਰ ਦੇਣਗੇ ਅਤੇ ਉਨਾਂ ਦੇ ਨਾਂਉਂ ਦੀ ਵਿਸ਼ਾਲਤਾ ਦਾ ਘੇਰਾ ਵੀ ਦੂਰ-ਦੁਰਾਡੇ ਤੱਕ ਵਧੇਗਾ।




## ਹਾਲ-ਏ ਸ਼੍ਰੋਮਣੀ ਕਮੇਟੀ



ਹੁਕਮ ਮੰਨ ਕੇ ਉਤਲਿਆਂ ਮਾਲਕਾਂ ਦਾ
ਦਿਨ ਨੂੰ ਰਾਤ ਤੇ ਰਾਤ, ਦਿਨ ਕਹਿਣਗੇ ਜੀ।

'ਵੱਡੇ ਘਰ' ਤੋਂ ਥਾਪੜਾ ਰਹੇ ਮਿਲਦਾ
ਉਦੋਂ ਤੀਕ ਹੀ 'ਸਰਬਉੱਚ' ਰਹਿਣਗੇ ਜੀ।

ਜਥੇਦਾਰ ਜ਼ਮੀਰ ਜੇ ਸੁਣਨ ਲੱਗੇ
ਫੇਰ 'ਮੋਠਾਂ ਦੀ ਛਾਵੇਂ' ਜਾ ਬਹਿਣਗੇ ਜੀ।

ਪੰਥ ਵਰ੍ਹਿਆਂ ਤੋਂ ਸੋਚਦਾ ਆ ਰਿਹਾ ਏ
ਕਿੱਦਾਂ ਕੌਮ ਦੇ ਗਲੋਂ ਇਹ ਲਹਿਣਗੇ ਜੀ।

ਕਰ ਕੁਰਬਾਨੀਆਂ ਲਈ ਸੀ ਜਥੇਬੰਦੀ
ਆਈ ਹੋਈ ਐ ਜਕੜ ਵਿਚ ਮਨਮੁੱਖਾਂ ਦੀ।

ਬੱਸ ਚਾਹੀਦੇ 'ਚਮਚੇ ਤੇ ਕੜਛੀਆਂ' ਹੀ
ਐਸ. ਜੀ. ਪੀ. ਸੀ. ਨੂੰ ਲੋੜ ਨਾ 'ਗੁਰਮੁਖਾਂ' ਦੀ!

**- ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

# ਸਿੱਖ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਜਿਆ ਧਾਰਮਿਕ ਕਵੀ-ਦਰਬਾਰ



**ਸਟਾਕਟਨ (ਡੀ. ਡੀ. ਬੀ.)-** ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਸਿੱਖ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸਜੇ ਹਫਤਾਵਾਰੀ ਦੀਵਾਨਾਂ ਵਿਚ ਮਿੱਥੇ ਹੋਏ ਪ੍ਰੋਗਰਾਮ ਵਿਚ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਨਿਥਾਵਿਆਂ ਦੇ ਥਾਂਵ, ਨਿਆਸਰਿਆਂ ਦੇ ਆਸਰੇ ਗੁਰੂ ਅਰਦਾਸ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮ ਸਨ- ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਪ੍ਰਮਿੰਦਰ ਸਿੰਘ ਰਾਏ ਖਾਨਖਾਨਾ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਮਹਿੰਦਰਪਾਲ ਸਿੰਘ ਆਦਿ।

# ਕਾਰਨੀਵਲ ਆਫ ਫਲਾਵਰਜ ਫੈਸਟੀਵਲ ਪਰੇਡ ਵਿੱਚ ਸਿੱਖ ਭਾਈਚਾਰੇ ਨੇ ਹਿਸਾ ਲਿਆ

**ਕੈਲੀਫੋਰਨੀਆ (ਹਸੁਨ ਲੜੋਆ ਬੰਗਾ)-** ਆਸਟਰੇਲੀਆ ਦੇ ਟਵੂਮਬਾ ਸ਼ਹਿਰ ਵਿੱਚ ਹੋਏ ਕਾਰਨੀਵਲ ਆਫ ਫਲਾਵਰਜ ਫੈਸਟੀਵਲ ਪਰੇਡ ਵਿੱਚ ਪਹਿਲੀ ਵਾਰ ਸਿੱਖ ਕਮਿਊਨਟੀ ਨੇ ਹਿੱਸਾ ਲਿਆ ਜਿਸ ਵਿੱਚ ਕੈਲੀਫੋਰਨੀਆ ਦੇ ਕੁਝ ਸੱਜਣਾਂ ਨੇ ਵੀ ਸਮੂਲੀਅਤ ਕੀਤੀ ਇਸ ਵੇਰਾਂ ਕਮਿਊਨਟੀ ਵੱਲੋਂ ਬਹੁਤ ਹੀ ਸੋਹਣਾ ਸਟਾਲ ਲਾਇਆ ਗਿਆ ਜਿੱਥੇ ਪੂਰਾ ਦਿਨ ਕੋਕ ਜੂਸ ਤੇ ਪਾਣੀ ਦੀਆ ਬੋਤਲਾਂ ਵਰਤਾਈਆਂ ਗਈਆਂ ਪਰੇਡ ਦੇਖਣ ਆਏ ਲੋਕਾਂ ਵਿੱਚ ਸਿੱਖ ਕੌਮ ਦਾ ਸਟਾਲ ਖਿੱਚ ਦਾ ਕੇਂਦਰ ਰਿਹਾ। ਲੋਕ ਜਿੱਥੇ ਮੁਫ਼ਤ ਪਾਣੀ ਤੇ ਹੋਰ ਡਾਰਿੰਕਸ ਲੈ ਰਹੇ ਸਨ ਓਥੇ ਹੀ ਸਿੱਖੀ ਦੀ ਜਾਣਕਾਰੀ ਵੀ ਲੈ ਰਹੇ ਸਨ ਅਤੇ ਪਰੇਡ ਦਾ ਹਿੱਸਾ ਬਣਨ ਲਈ ਸਿੱਖ ਕਮਿਊਨਟੀ ਦਿਲੋਂ ਧੰਨਵਾਦ ਕਰ ਰਹੇ ਸਨ ਸਿੱਖ ਕਮਿਊਨਟੀ ਦੇ




ਦ ਾ

ਨੁਮਾਇੰਦੇ ਭਾਈ ਜਸਵਿੰਦਰ ਸਿੰਘ ਨੇ ਜਿੱਥੇ ਸਟਾਲ ਤੇ ਆ ਰਹੇ ਲੋਕਾਂ ਦਾ ਧੰਨਵਾਦ ਕੀਤਾ ਓਥੇ ਹੀ ਇਸ ਕਾਰਜ ਲਈ ਮਾਇਆ ਦਾਨ ਕਰਨ ਵਾਲਿਆ ਦਾ ਤੇ ਸਟਾਲ ਉਤੇ ਪੂਰਾ ਦਿਨ ਤਨਦੇਹੀ ਨਾਲ ਕੰਮ ਕਰਨ ਵਾਲੇ ਸਾਰੇ ਵੀਰਾ ਭੈਣਾਂ ਦਾ ਵੀ ਧੰਨਵਾਦ ਕੀਤਾ ਤੇ ਕਿਹਾ ਕਿ ਇਸ ਪ੍ਰੋਗਰਾਮ ਨਾਲ ਸਥਾਨਿਕ ਲੋਕਾਂ ਵਿੱਚ ਸਾਡੀ ਪਹਿਚਾਣ ਬਣੀ ਹੈ । ਕੈਲੀਫੋਰਨੀਆ ਤੋਂ ਭਾਈ ਪ੍ਰੀਤਮ ਸਿੰਘ ਜੋਗਾਨੰਗਲ ਨੇ ਕਿਹਾ ਕਿ ਅਜਿਹਾ ਪ੍ਰੋਗਰਾਮ ਹਰ ਦੇਸ਼ ਚ ਕਿਸੇ ਨਾ ਕਿਸੇ ਵਸੀਲੇ ਨਾਲ ਹਰ ਵ੍ਹਰੇ ਕਰਨ ਲਈ ਉਪਰਾਲੇ ਹੋਣੇ ਚਾਹਿਦੇ ਹਨ ਤਾਂ ਜੋ ਸਿੱਖ ਭਾਈਚਾਰੇ ਵਿੱਚ ਵੀ ਬਾਕੀ ਭਾਈਚਾਰਿਆਂ ਵਿਚਰਨ ਲਈ ਦੂਰੀ ਘਟੇ ਤੇ ਜਾਗਰੁਕਤਾ ਵੀ ਆਵੇ ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪਾਖੰਡੀ ਬਾਬਿਆਂ ਦਾ ਮੱਕੜ ਜਾਲ

ਭਾਰਤ ਵਿਚ ਇਕ ਤੋਂ ਬਾਅਦ ਇਕ ਪਾਖੰਡੀ ਬਾਬੇ ਦਾ ਮੱਕੜ ਜਾਲ ਉਲਝਦਾ ਨਜ਼ਰ ਆ ਰਿਹਾ ਹੈ। ਹਾਲ ਦੇ ਸਮੇਂ ਦਰਮਿਆਨ ਹੀ ਕਈ ਅਜਿਹੇ ਧਰਮ ਦੇ ਠੇਕੇਦਾਰ ਬਣੇ ਬਾਬਿਆਂ ਤੇ ਘਿਨੌਣੇ ਦੋਸ਼ ਲੱਗ ਚੁੱਕੇ ਹਨ। ਕੁਝ ਦਿਨ ਪਹਿਲਾਂ ਰਾਜਸਥਾਨ ਦਾ ਇਕ ਅਜਿਹਾ ਹੀ ਬਾਬਾ ਬਲਾਤਕਾਰ ਦੇ ਦੋਸ਼ ਤਹਿਤ ਜੇਲ੍ਹ ਗਿਆ ਹੈ। ਇਸ ਬਾਬੇ ਦੇ ਸ਼ਰਧਾਲੂਆਂ ਵਿਚ ਇਕ ਪਰਿਵਾਰ ਛੱਤੀਸਗੜ੍ਹ ਦੇ ਬਿਲਾਸਪੁਰ ਦਾ ਵੀ ਸੀ। ਇਸ ਪਰਿਵਾਰ ਦੀ ਇਕ ਲੜਕੀ ਨੇ ਐਲ. ਐਲ. ਬੀ. ਤੱਕ ਦੀ ਪੜ੍ਹਾਈ ਕੀਤੀ। ਬਾਬੇ ਦੀ ਸਿਫਾਰਸ਼ ’ਤੇ ਉਸ ਲੜਕੀ ਨੂੰ ਦਿੱਲੀ ਦੇ ਇਕ ਵਕੀਲ ਕੋਲ ਭੇਜ ਦਿੱਤਾ। ਇੰਟਰਨਸ਼ਿਪ ਖਤਮ ਹੋਣ ’ਤੇ ਲੜਕੀ ਨੂੰ 3 ਹਜ਼ਾਰ ਰੁਪਏ ਮਿਹਨਤਾਨਾ ਮਿਲਿਆ। ਲੜਕੀ ਦੇ ਪਰਿਵਾਰ ਵਾਲੇ ਬਾਬੇ ਦੇ ਅੰਨ੍ਹੇ ਸ਼ਰਧਾਲੂ ਸਨ ਅਤੇ ਉਹਨਾਂ ਨੇ ਲੜਕੀ ਨੂੰ ਕਿਹਾ ਕਿ ਇਹ ਆਪਣੀ ਪਹਿਲੀ ਕਮਾਈ ਬਾਬੇ ਦੇ ਚਰਨਾਂ ’ਤੇ ਭੇਂਟ ਕਰਕੇ ਆਵੇ। ਇਸ 70 ਸਾਲਾ ਢੌਂਗੀ ਨੇ 21 ਸਾਲਾ ਕੁੜੀ ਨੂੰ ਕਿਹਾ ਕਿ ਉਹ ਤੈਨੂੰ ਭਰਾ ਦੇਣਾ ਚਾਹੁੰਦਾ ਸੀ ਪਰ ਤੇਰੀ ਮਾਂ ਦੀ ਤਬੀਅਤ ਠੀਕ ਨਾ ਹੋਣ ਕਰਕੇ ਅਜਿਹਾ ਨਹੀਂ ਕਰ ਸਕਿਆ। ਉਸਨੇ ਕੁੜੀ ਨੂੰ ਕਿਹਾ ਕਿ ਹੁਣ ਉਹ ਤੈਨੂੰ ਇਕ ਤੇਜਸਵੀ ਪੁੱਤਰ ਦੀ ਦਾਤ ਦੇਵੇਗਾ। ਉਹ ਲੜਕੀ ਇੰਨੀ ਡਰ ਗਈ ਕਿ ਉਸਨੇ ਇਸ ਸਬੰਧੀ ਕਿਸੇ ਨਾਲ ਗੱਲ ਨਹੀਂ ਕੀਤੀ ਪਰ ਸਰਸੇ ਵਾਲੇ ਗੁਰਮੀਤ ਰਾਮ ਰਹੀਮ ਨੂੰ ਹੋਈ ਸਜ਼ਾ ਨੇ ਲੜਕੀ ਨੂੰ ਹਿੰਮਤ ਦਿੱਤੀ ਅਤੇ ਉਸਨੇ 11 ਸਤੰਬਰ ਨੂੰ ਪੁਲਿਸ ਕੋਲ ਰਿਪੋਰਟ ਦਰਜ ਕਰਵਾ ਦਿੱਤੀ। ਜਦੋਂ ਬਾਬੇ ਨੂੰ ਪੁਲਿਸ ਰਿਪੋਰਟ ਬਾਰੇ ਜਾਣਕਾਰੀ ਮਿਲੀ ਤਾਂ ਉਹ ਬਿਮਾਰੀ ਦਾ ਬਹਾਨਾ ਲਾ ਕੇ ਹਸਪਤਾਲ ਵਿਚ ਭਰਤੀ ਹੋ ਗਿਆ। 23 ਸਤੰਬਰ ਨੂੰ ਪੁਲਿਸ ਨੇ ਬਾਬੇ ਨੂੰ ਹਸਪਤਾਲ ਵਿਚੋਂ ਗ੍ਰਿਫਤਾਰ ਕਰ ਲਿਆ। ਅਦਾਲਤ ਨੇ ਉਸਨੂੰ 15 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।

ਹੁਣ ਇਹ ਗੱਲ ਗੰਭੀਰ ਸੋਚ ਦੀ ਮੰਗ ਕਰਦੀ ਹੈ ਕਿ ਸਾਡੇ ਦੇਸ਼ ਵਿਚ ਸੰਤਾਂ, ਮਹਾਤਮਾਂ ਅਤੇ ਬਾਬਿਆਂ ਦੀ ਵਿਸ਼ਵਾਸ ਯੋਗਤਾ ’ਤੇ ਇਕ ਵੱਡਾ ਪ੍ਰਸ਼ਨ ਚਿੰਨ ਕਿਉਂ ਲੱਗ ਰਿਹਾ ਹੈ। ਇਸ ਧਾਰਮਿਕ ਦੇਸ਼ ਦੇ ਸੰਤਾਂ ਅਤੇ ਮਹਾਤਮਾਵਾਂ ਨੂੰ ਅੱਗੇ ਆ ਕੇ ਇਸ ਪੱਖੋਂ ਕੁਝ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ। ਸਾਡੇ ਦੇਸ਼ ਦੇ ਲੋਕਾਂ ਵਿਚ ਵੀ ਵਿਗਿਆਨਕ ਦ੍ਰਿਸ਼ਟੀਕੋਣ ਅਪਣਾਉਣ ਲਈ ਯਤਨ ਕਰਨ ਦੀ ਜ਼ਰੂਰਤ ਹੈ।ਹਰ ਗੱਲ ਨੂੰ ਤਰਕ ਦੀ ਕਸੌਟੀ ਤੇ ਪਰਖ ਕੇ ਦੇਖਣਾ ਜ਼ਰੂਰੀ ਹੈ। ਧਰਮ ਆਪਣੇ-ਆਪ ਵਿਚ ਬੁਰਾਈ ਨਹੀਂ ਬਲਕਿ ਇਹ ਮਨੁੱਖਤਾ ਨੂੰ ਚੰਗਿਆਈ ਵੱਲ ਤੋਰਦਾ ਹੈ ਪਰ ਧਰਮ ਵਿਚ ਅੰਨ੍ਹੀ ਸ਼ਰਧਾ ਦਾ ਫਾਇਦਾ ਕੁਝ ਅਜਿਹੇ ਚਲਾਕ ਲੋਕੀ ਉਠਾ ਜਾਂਦੇ ਹਨ, ਜਿਸ ਕਾਰਨ ਸਮਾਜਿਕ ਮਾਨਤਾਵਾਂ ਅਤੇ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ


**2 ਅਕਤੂਬਰ ਤੇ ਵਿਸ਼ੇਸ਼**

# ਸਾਦਗੀ ਪਸੰਦ ਸ਼ਾਸ਼ਤਰੀ ਜੀ



ਨਵਜੋਤ ਬਜਾਜ ਗੱਗੂ
91-98721-02614

ਸ਼ਾਇਦ ਅਜ਼ਾਦ ਭਾਰਤ ਵਿੱਚ ਸ੍ਰੀ ਲਾਲ ਬਹਾਦੁਰ ਸ਼ਾਸ਼ਤਰੀ ਜੀ ਹੀ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹੋਣਗੇ , ਜਿੰਨ੍ਹਾਂ ਨੂੰ ਇਮਾਨਦਾਰੀ , ਦ੍ਰਿੜ ਵਿਸ਼ਵਾਸ਼ ਅਤੇ ਦੇਸ਼ ਭਗਤੀ ਕਾਰਨ ਦੇਸ਼ ਵਾਸੀਆਂ ਵਲੋਂ ਨਿੱਘ ਪਿਆਰ ਅਤੇ ਸਤਿਕਾਰ ਮਿਲਿਆ। ਇਹ ਇੱਕ ਕੌੜਾ ਸੱਚ ਹੈ ਜਾਂ ਦੇਸ਼ ਦੀ ਬਦਕਿਸਮਤੀ ਸਮਝ ਲਈਏ ਕਿ ਇੱਕ ਇਮਾਨਦਾਰ ਨੇਤਾ, ਜਿਸ ਦੇ ਹੱਥਾਂ ਵਿੱਚ ਦੇਸ਼ ਦੀ ਏਕਤਾ ਅਖੰਡਤਾ ਅਤੇ ਰੱਖਿਆ ਪੂਰੀ ਤਰ੍ਹਾਂ ਸੁਰਿੱਖਅਤ ਸੀ, ਜੋ ਬਹੁਤ ਹੀ ਥੋੜੇ ਸਮੇਂ ਵਿੱਚ ਦੇਸ਼ ਵਾਸੀਆਂ ਤੋਂ ਭੇਦਭਰੀ ਹਾਲਤ ਵਿੱਚ ਵਿਛੜ ਗਏ। ਸ਼ਾਸ਼ਤਰੀ ਜੀ ਦਾ ਜਨਮ 2 ਅਕਤੂਬਰ 1904 ਨੂੰ ਮੁਗਲ ਸਰਾਏ ਯੂ.ਪੀ ਵਿਖੇ ਸ੍ਰੀ ਸ਼ਾਰਦਾ ਪ੍ਰਸ਼ਾਦ ਇੱਕ ਸਕੂਲ ਅਧਿਆਪਕ ਦੇ ਗਰੀਬ ਪਰਿਵਾਰ ਵਿੱਚ ਹੋਇਆ। ਸ਼ਾਸ਼ਤਰੀ ਜੀ ਦੇ ਮਾਤਾ ਦਾ ਦੇਹਾਂਤ ਸ਼ਾਸ਼ਤਰੀ ਜੀ ਦੇ ਬਚਪਨ ਦੌਰਾਨ ਹੀ ਹੋ ਗਿਆ ਸੀ। ਮੁੱਢਲੀ ਸਿੱਖਿਆ ਉਹਨਾਂ ਆਪਣੇ ਪਿੰਡ ਤੋਂ ਹੀ ਪ੍ਰਾਪਤ ਕੀਤੀ। ਉਹ ਉੱਚ ਸਿੱਖਿਆ ਲਈ ਬਨਾਰਸ ਗਏ। ਦੱਸਿਆ ਜਾਂਦਾ ਹੈ ਕਿ ਰਸਤੇ ਵਿੱਚ ਇੱਕ ਨਦੀ ਪੈਣ ਕਾਰਨ ਅਤੇ ਗਰੀਬੀ ਕਾਰਨ ਸ਼ਾਸ਼ਤਰੀ ਜੀ ਆਪਣਾ ਬਸਤਾ ਆਪਣੇ ਸਾਥੀਆਂ ਨੂੰ, ਜੋ





ਕਿ ਕਿਸ਼ਤੀ ਵਿੱਚ ਬੈਠੇ ਹੁੰਦੇ ਸਨ, ਨੂੰ ਫੜਾ ਦਿੰਦੇ ਸਨ ਤੇ ਆਪ ਤੈਰ ਕੇ ਨਦੀ ਪਾਰ ਕਰਿਆ ਕਰਦੇ ਸਨ। ਉੱਚ ਸਿੱਖਿਆ ਦੇ ਨਾਲ ਆਪ ਜੀ ਨੇ ਸ਼ਾਸ਼ਤਰੀ ਦੀ ਡਿਗਰੀ ਵੀ ਪਾਸ ਕੀਤੀ। ਜਿਸ ਕਾਰਨ ਆਪ ਜੀ ਦੇ ਨਾਮ ਨਾਲ ਸ਼ਾਸ਼ਤਰੀ ਜੁੜ ਗਿਆ। ਦੇਸ਼ ਨੂੰ ਆਜ਼ਾਦ ਕਰਾਉਣ ਤੋਂ ਬਾਅਦ ਉਹ ਯੂ.ਪੀ ਵਿਧਾਨ ਸਭਾ ਲਈ ਚੁਣੇ ਗਏ , ਜਿੱਥੇ ਆਪ ਜੀ ਨੇ ਕਈ ਮਹੱਤਵਪੂਰਨ ਅਹੁਦਿਆਂ ਤੇ ਜਿੰਮੇਵਾਰੀ ਨਿਭਾਈ। ਸ਼ਾਸ਼ਤਰੀ ਜੀ ਨੂੰ ਕੇਂਦਰ ਵਿੱਚ ਰੇਲ ਮੰਤਰੀ ਦਾ ਅਹੁਦਾ ਵੀ ਦਿੱਤਾ ਗਿਆ। ਇਸ ਸਮੇਂ ਇੱਕ ਵੱਡਾ ਰੇਲ ਹਾਦਸਾ ਹੋਣ ਕਾਰਨ ਆਪ ਜੀ ਨੇ ਨੈਤਿਕ ਜਿੰਮੇਵਾਰੀ ਲੈਂਦਿਆਂ ਅਫਤੀਫਾ ਦੇ ਦਿੱਤਾ। 1964 ਵਿੱਚ ਨਹਿਰੂ ਜੀ ਦੀ ਮੌਤ ਹੋ ਜਾਣ ਕਾਰਨ ਆਪ ਦੇਸ਼ ਦੇ ਪ੍ਰਧਾਨ ਮੰਤਰੀ ਚੁਣੇ ਗਏ ।

ਇਹ ਉਹ ਵਕਤ ਸੀ, ਜਿਸ ਸਮੇਂ ਸਾਰਾ ਦੇਸ਼ ਅੰਦਰੂਨ ਸੰਕਟ, ਸੋਕਾ, ਬਾਹਰੀ ਸੰਕਟ ਅਤੇ ਅੰਨ ਸੰਕਟ ਨਾਲ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ। ਉਸ ਸਮੇਂ ਅਮਰੀਕਾ ਵਲੋਂ ਜਾਰੀ ਕੀਤੀ ਗਈ ਕਣਕ ਦੀ ਸਪਲਾਈ ਵੀ ਰੋਕ ਦਿੱਤੀ ਗਈ। ਉਸ ਸਮੇਂ ਜਿਸ ਤਰ੍ਹਾਂ ਸ਼ਾਸ਼ਤਰੀ ਜੀ ਨੇ ਸਿਆਣਪ ਨਾਲ ਅੰਨ ਸੰਕਟ ਤੇ ਕਾਬੂ ਪਾਇਆ ਅਤੇ ਅੰਨ ਉਤਪਾਦਨ ਨੂੰ ਵਧਾਉਣ ਲਈ ਦੇਸ਼ ਵਾਸੀਆਂ ਹਫਤੇ ਵਿੱਚ ਇੱਕ ਦਿਨ ਵਰਤ ਰੱਖਣ ਲਈ ਖੁਦ ਆਪ ਵਰਤ ਰੱਖ ਕੇ ਪ੍ਰੇਰਿਤ ਕੀਤਾ । ਉਹ ਇੱਕ ਸ਼ਲਾਘਾਯੋਗ ਕਦਮ ਸੀ। ਸਭ ਤੋਂ ਜ਼ਿਆਦਾ ਭੀੜ ਦੇਸ਼ ਤੇ ਉਸ ਸਮੇਂ ਪਈ ਜਦੋਂ ਪਾਕਿਸਤਾਨ ਨੇ 1965 ਵਿੱਚ ਅਚਾਨਕ ਹੀ ਸਾਡੇ ਦੇਸ਼ ਤੇ ਹਮਲਾ ਕਰ ਦਿੱਤਾ । ਸ਼ਾਸ਼ਤਰੀ ਜੀ ਨੇ ਕੋਈ ਸਰਬ-ਦਲੀ ਮੀਟਿੰਗ, ਪ੍ਰੋਟੈਸਟ ਜਾਂ ਫੋਕੇ ਦਗਮਜੇ ਮਾਰਨ ਵਿੱਚ ਵਕਤ ਨਹੀਂ ਗਵਾਇਆ ਅਤੇ ਤਰੁੰਤ ਜਵਾਬੀ ਹਮਲੇ ਕਰਨ ਦਾ ਆਦੇਸ਼ ਵੀ ਦੇ ਦਿੱਤਾ , ਜਿਸ ਦੇ ਫਲਸਰੂਪ ਸਾਡੀ ਬਹਾਦਰ ਫੌਜ ਨੇ ਪਾਕਿ ਦੇ ਕਾਫ਼ੀ ਇਲਾਕੇ ਤੇ ਕਬਜ਼ਾ ਕੀਤਾ। ਸ਼ਾਸ਼ਤਰੀ ਜੀ ਜਿੱਥੇ ਅਮਨ ਦੇ ਪੁਜਾਰੀ ਸਨ। ਉੱਥੇ ਹੀ ਉਹ ਇੱਟ ਦਾ ਜਵਾਬ ਪੱਥਰ ਨਾਲ ਦੇਣ ਵਿੱਚ ਯਕੀਨ ਰੱਖਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਸ਼ਾਂਤੀ ਨੂੰ ਕਾਇਮ ਰੱਖਣ ਲਈ ਲੜਾਈ ਲਈ ਵੀ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਦੇ ਅਹੁਦੇ ਤੇ ਬਿਰਾਜਮਾਨ ਹੋਣ ਦੇ ਬਾਵਜੂਦ ਸ਼ਾਸ਼ਤਰੀ ਜੀ ਦਾ ਜੀਵਨ ਅੱਜ ਕੱਲ ਦੇ ਨੇਤਾਵਾਂ ਵਾਂਗ ਸ਼ਾਹੀ ਠਾਠ ਬਾਠ ਅਤੇ ਸੁਖਦ ਸਹੂਲਤਾਂ ਵਾਲਾ ਨਹੀਂ ਸੀ। ਪ੍ਰਧਾਨ ਮੰਤਰੀ ਹੁੰਦਿਆਂ ਵੀ ਉਹਨਾਂ ਨੇ ਕੋਟ ਦੇ ਹੇਠਾਂ ਤਿੰਨ ਫਟੇ ਹੋਏ ਕੁੜਤੇ ਪਹਿਨਣ ਵਿੱਚ ਸ਼ਰਮ ਮਹਿਸੂਸ ਨਹੀਂ ਕੀਤੀ। ਸ਼ਾਸ਼ਤਰੀ ਜੀ ਦੇ ਪਰਿਵਾਰਕ ਸੂਤਰਾਂ ਅਨੁਸਾਰ ਜਦੋਂ ਸ਼ਾਸ਼ਤਰੀ ਜੀ ਨੂੰ ਦੇਸ਼ ਅਜ਼ਾਦ ਕਰਾਂਉਣ ਲਈ ਜੇਲ ਜਾਣਾ ਪਿਆ, ਇੱਕ ਹੈਰਾਨੀਜਨਕ ਘਟਨਾ ਦਾ ਪਤਾ ਲੱਗਾ। ਸ਼ਾਸ਼ਤਰੀ ਜੀ ਨੂੰ ਜੇਲ ਦੌਰਾਨ ਪਤਾ ਲੱਗਾ ਕਿ ਉਹਨਾਂ ਦੀ ਧਰਮਪਤਨੀ ਸ੍ਰੀਮਤੀ ਲਲਿਤਾ ਸ਼ਾਸ਼ਤਰੀ ਜੀ ਬਹੁਤ ਬਿਮਾਰ ਹਨ। ਪੈਰੋਲ ਤੇ ਰਿਹਾ ਹੋ ਕੇ ਘਰ ਪਹੁੰਚ ਇਲਾਜ ਦਾ ਪ੍ਰਬੰਧ ਕਰ ਕੇ ਰੋਜ਼ਾਨਾ ਦੋ ਗਿਲਾਸ ਦੁੱਧ ਪੀਣ ਦਾ ਵਾਅਦਾ ਲਿਆ ਕਿਉਂਕਿ ਉਹਨਾਂ ਦੀ ਪਤਨੀ ਬਿਮਾਰੀ ਕਾਰਨ ਬਹੁਤ ਜ਼ਿਆਦਾ ਕਮਜ਼ੋਰ ਹੋ ਗਈ ਸੀ। ਆਰਥਿਕ ਤੰਗੀ ਵਾਲਾ ਜੀਵਨ ਬਤੀਤ ਕਰ ਰਹੀ ਉਹਨਾਂ ਦੀ ਪਤਨੀ ਨੇ ਇੱਕ ਇੰਚ ਵਾਲੇ ਆਕਾਰ ਦੀਆਂ ਦੋ ਗਲਾਸੀਆਂ ਬਣਵਾਈਆਂ ਅਤੇ ਰੋਜ਼ਾਨਾ ਦੋ ਗਲਾਸੀਆਂ ਦੁੱਧ ਪੀ ਕੇ ਆਪਣੇ ਪਤੀ ਨਾਲ ਕੀਤੇ ਵਾਅਦੇ ਨੂੰ ਨਿਭਾਇਆ। ਇਮਾਨਦਾਰ ਅਤੇ ਦ੍ਰਿੜ ਵਿਸ਼ਵਾਸ਼ ਸ਼ਾਸ਼ਤਰੀ ਜੀ ਦੀ ਸ਼ਖਸ਼ੀਅਤ ਦੇ ਮੀਰੀ ਗੁਣ ਸਨ। ਉਹਨਾਂ ਦੇ ਹੀ ਸਿਧਾਂਤਾਂ ਅਤੇ ਆਦਰਸ਼ਾਂ ਕਾਰਨ ਅੱਜ ਵੀ ਸਾਰਾ ਦੇਸ਼ ਉਹਨਾਂ ਨੂੰ ਦਿਲੋਂ ਯਾਦ ਕਰਦਾ ਹੈ। ਅਤੇ ਉਹਨਾਂ ਦੀ ਸਾਦਗੀ ਅੱਗੇ ਨਤਮਸਤਕ ਹੁੰਦਾ ਹੈ।

# ਭੈਣਾਂ ਵੱਲੋਂ ਵੀਰ ਦੀ ਮੰਗ ਲਈ ਤੇ ਪਰਿਵਾਰ ਦੀ ਸੁਖ ਸ਼ਾਂਤੀ ਲਈ ਮਨਾਇਆ ਜਾਂਦਾ ਤਿਉਹਾਰ ‘ਸਾਂਝੀ ਮਾਈ’



ਤਸਵਿੰਦਰ ਸਿੰਘ ਬੜੈਚ
98763-22677

ਪੰਜਾਬ ਦੀ ਧਰਤੀ ਮੇਲਿਆਂ, ਤਿਉਹਾਰਾਂ ਦੀ ਧਰਤੀ ਹੈ। ਇਥੇ ਪੁਰਾਤਨ ਸਮੇਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਮੇਲੇ ਅਤੇ ਤਿਉਹਾਰ ਮਨਾਏ ਜਾਂਦੇ ਹਨ। ਇਹਨਾਂ ਪੁਰਾਤਨ ਤਿਉਹਾਰਾਂ ਵਿਚੋਂ ਇਕ ਤਿਉਹਾਰ ਹੈ ਸਾਂਝੀ ਮਾਈ ਦਾ। ਇਹ ਤਿਉਹਾਰ ਭੈਣਾਂ, ਵੀਰ ਦੀ ਮੰਗ ਲਈ ਤੇ ਪਰਿਵਾਰ ਦੀ ਸੁੱਖ-ਸ਼ਾਂਤੀ ਲਈ ਮਨਾਉਂਦੀਆਂ ਹਨ। ਇਸ ਤਿਉਹਾਰ ਨੂੰ ਲੜਕੀਆ ਇਕੱਠੀਆਂ ਹੋ ਕੇ ਮਨਾਉਂਦੀਆ ਹਨ। ਸਾਂਝੀ ਮਾਈ ਤਕਰੀਬਨ ਹਰ ਘਰ ਵਿਚ ਲਗਾਈ ਜਾਂਦੀ ਹੈ। ਕਈ ਪਰਿਵਾਰ ਮਿਲ ਕੇ ਵੀ ਸਾਂਝੀ ਮਾਈ ਲਾ ਲੈਂਦੇ ਹਨ। ਜਿਸ ਤਰ੍ਹਾਂ ਨਾਂਅ ਤੋਂ ਹੀ ਸਪੱਸ਼ਟ ਹੈ, ਸਾਂਝੀ ਮਾਈ ਦੀ ਮੂਰਤੀ ਇਕ ਜਨਾਨੀ ਦੀ ਮੂਰਤੀ ਬਣਾਈ ਜਾਂਦੀ ਹੈ। ਮੂਰਤੀ ਬਣਾਉਣ ਲਈ ਪਹਿਲਾ ਕੁੜੀਆਂ ਚੀਕਣੀ ਮਿੱਟੀ ਲਿਆਂਉਂਦੀਆ ਹਨ। ਫਿਰ ਮਿੱਟੀ ਨੂੰ ਚੰਗੀ ਤਰ੍ਹਾਂ ਗੋ ਕੇ ਸੂਰਜ, ਚੰਦ, ਤਾਰੇ ਟਿੱਕੀਆ, ਗਹਿਣੇ ਤੇ ਹੋਰ ਵਰਤੋਂ ਦੀਆ ਚੀਜ਼ਾ ਧਰਤੀ ’ਤੇ ਬਣਾਉਂਦੀਆਂ ਹਨ। ਫਿਰ ਸੁੱਕਣ ਲਈ ਧੁੱਪੇ ਰੱਖ ਦਿੱਤੇ ਜਾਂਦੇ ਹਨ। ਜਦੋਂ ਇਹ ਚੰਗੀ ਤਰ੍ਹਾ ਸੁੱਕ ਜਾਂਦੇ ਹਨ ਤਾਂ ਸੁੱਕਣ ਤੋਂ ਬਾਅਦ ਇਹਨਾਂ ਨੂੰ ਵੱਖ ਵੱਖ ਰੰਗਾਂ ਨਾਲ ਸਜਾਇਆ ਜਾਂਦਾ ਹੈ। ਫਿਰ ਪਹਿਲੇ ਨਰਾਤੇ ਵਾਲੇ ਦਿਨ ਘਰ ਦੀ ਕੰਧ ’ਤੇ ਪਹਿਲਾਂ ਗੋਹਾ-ਮਿੱਟੀ ਥੱਪਿਆ ਜਾਂਦਾ ਹੈ, ਫਿਰ ਉਸ ਉੱਪਰ ਸੂਰਜ, ਚੰਦ, ਤਾਰੇ, ਗਹਿਣੇ ਤੇ ਹੋਰ ਚੀਜ਼ਾਂ ਚਿਪਕਾ ਦਿੱਤੇ ਜਾਂਦੇ ਹਨ। ਰਸਮ ਅਨੁਸਾਰ ਉਸ ਦਾ ਨੌਕਰ ਘੁੱਦੂ ਤੇ ਬਰੋਟਾ ਵੀ ਲਗਾਏ ਜਾਂਦੇ ਹਨ। ਕੁਝ ਘਰਾਂ ਅੰਦਰ ਇਕੱਲਾ ਬਰੋਟਾ ਵੀ ਲਗਾਇਆ ਜਾਂਦਾ ਹੈ ਜੋ ਭੈਣ ਵੱਲੋਂ ਵੀਰ ਦੀ ਮੰਗ ਕਰਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮਿੱਟੀ ਨਾਲ ਬਣਾਏ ਸਾਂਝੀ ਮਾਈ ਦੇ ਅੰਗ ਬੇਹੱਦ ਆਕਰਸ਼ਿਤ ਹੁੰਦੇ ਹਨ। ਰੋਜਾਨਾ ਸ਼ਾਮ ਨੂੰ ਕੁੜੀਆਂ ‘ਕੱਠੀਆ ਹੋ ਕੇ ਸਾਂਝੀ ਮਾਈ ਦੀ ਆਰਤੀ ਕਰਦੀਆ ਹਨ ਤੇ ਦੇਸੀ ਘਿਉ ਦੀ ਜੋਤ ਜਗਾਉਂਦੀਆ ਹਨ। ਸਭ ਤੋਂ ਪਹਿਲਾਂ ਆਰਤੀ ਵਿਚ ਕੁੜੀਆਂ ਇਹ ਗੀਤ ਗਾਉਂਦੀਆ ਹਨ-



ਸਾਂਝੀ ਮਾਈ ਪਟੜੇ ਖੋਲ,
ਕੁੜੀਆਂ ਆਈਆਂ ਤੇਰੇ ਕੋਲ।
ਜਾਗੂੰਗੀ ਜਗਾਉਗੀ,
ਕੋਠੇ ਚੜ ਕੇ ਗਾਉਗੀ।

ਸਾਂਝੀ ਮਾਈ ਤੋਂ ਵੀਰ ਤੇ ਵੀਰ ਪਿਆਰ ਦੀ ਮੰਗ ਕਰਦੀਆ ਕੁੜੀਆਂ ਇਹ ਗੀਤ ਗਾਉਂਦੀਆਂ ਹਨ:-

ਪਹਿਲੀ ਆਰਤੀ ਕਰਾਂ ਕਰਾਰ,
ਜੀਵੇ ਮੇਰਾ ਵੀਰ ਪਿਆਰ।
ਵੀਰ ਪਿਆਰ ਦੀਆਂ ਅੜੀਆਂ,
ਸ਼ਿਵ ਦੁਆਲੇ ਖੜੀਆਂ।
ਨਰੈਣ ਸਾਡੇ ਆਇਆ
ਗੋਬਿੰਦ ਸਾਡੇ ਆਇਆ
ਅਸੀਂ ਹਰ ਕਾ ਦਰਸ਼ਨ ਪਾਇਆ।

ਬਰੋਟੇ ਦੀ ਆਰਤੀ ਕੁੜੀਆ ਇਸ ਤਰ੍ਹਾਂ ਕਰਦੀਆ ਹਨ-

ਜਾਗ ਬਰੋਟੇ ਜਾਗ, ਤੇਰੇ ਮੱਥੇ ਲੱਗੇ ਭਾਗ,
ਭਾਗੇਗਾ ਭਗਾਏਗਾ, ਆਪਣਾ ਵੀਰ ਖਿਲਾਏਗਾ,
ਵੀਰ ਦੀਏ ਪੱਗੇ, ਤੈਨੂੰ ਨੌਂ ਸੌਂ ਮੋਤੀ ਲੱਗੇ।

ਇਸੇ ਤਰ੍ਹਾਂ ਹੋਰ ਬਹੁਤ ਸਾਰੇ ਆਰਤੀ ਦੇ ਗੀਤ ਗਾਏ ਜਾਂਦੇ ਹਨ। ਆਰਤੀ ਕਰਨ ਤੋਂ ਬਾਅਦ ਸ਼ੱਕਰ ਜਾਂ ਸੱਕਰ ਦੀ ਪੰਜੀਰੀ ਵੰਡੀ ਜਾਂਦੀ ਹੈ। ਇਹ ਵੰਡਿਆ ਜਾਂਦਾ ਪ੍ਰਸ਼ਾਦ ਸਾਂਝੀ ਨੂੰ ਰੋਟੀ ਕਰਨ ਦੀ ਰਸਮ ਮੰਨਿਆ ਜਾਂਦਾ ਹੈ। ਦੁਸਹਿਰੇ ਵਾਲੇ ਦਿਨ ਸਾਂਝੀ ਨੂੰ ਕੰਧ ’ਤੋਂ ਉਤਾਰ ਕੇ ਟੋਕਰੇ ਵਿਚ ਰੱਖ ਕੇ ਨਜ਼ਦੀਕੀ ਨਹਿਰਾਂ, ਸੂਇਆਂ, ਟੋਬਿਆਂ ’ਚ ਤਾਰ ਦਿੰਦੇ ਹਨ। ਪਹਿਲੇ ਸਮਿਆਂ ਵਿਚ ਸਾਂਝੀ ਕਾਫੀ ਵੱਡੀ ਲਗਾਈ ਜਾਂਦੀ ਸੀ, ਪਰ ਅਜੋਕੇ ਦੌਰ ਵਿਚ ਸਾਂਝੀ ਮਾਈ ਦਾ ਆਕਾਰ ਛੋਟਾ ਹੁੰਦਾ ਜਾ ਰਿਹਾ ਹੈ। ਜਿਸ ਦਾ ਕਰਨ ਸਾਡਾ ਪੁਰਾਤਨ ਤਿਉਹਾਰਾਂ ਤੇ ਰੀਤੀ-ਰਿਵਾਜ਼ਾਂ ਪ੍ਰਤੀ ਮੋਹ ਘਟਣਾ ਹੈ। ਕਿਤੇ ਇਹ ਤਿਉਹਾਰ ਵੀ ਹੋਰਨਾਂ ਪਰਾਤਨ ਰੀਤੀ-ਰਿਵਾਜ਼ਾਂ ਵਾਂਗ ਅਲੋਪ ਨਾ ਹੋ ਜਾਵੇ। ਸਾਨੂੰ ਲੋੜ ਹੈ ਆਪਣੇ ਰੀਤੀ-ਰਿਵਾਜ਼ਾਂ, ਅਮੀਰ ਵਿਰਸੇ ਤੇ ਸੱਭਿਆਚਾਰ ਨੂੰ ਸਾਂਭਣ ਦੀ ਤੇ ਆਪਣੀ ਆਉਣ ਵਾਲੀ ਪੀੜੀ ਨੂੰ ਅੱਜ ਆਪਣੇ ਪਿਛੋਕੜ ਨਾਲ ਜੋੜ ਕੇ ਰੱਖਣ ਦੀ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿਚ ਆਜ਼ਾਦ ਸਪੋਰਟਸ ਕਲੱਬ ਫਰਿਜ਼ਨੋ ਪਹਿਲੇ ਅਤੇ ਰੌਇਲ ਕਿੰਗਜ਼ ਯੂਬਾ ਸਿਟੀ ਦੂਜੇ ਥਾਂ ਤੇ ਰਿਹਾ

**ਸੈਕਰਾਮੈਂਟੋ, ਕੈਲੋਫਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ ਦੇ ਕਿੰਗਜ਼ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਕਬੱਡੀ ਕੱਪ ਵਿਚ ਐਤਕਾਂ ਆਜ਼ਾਦ ਸਪੋਰਟਸ ਕਲੱਬ ਫਰਿਜਨੋ ਨੇ ਰੋਇਲ ਕਿੰਗਜ਼ ਨੂੰ ਫਾਈਨਲ ਵਿਚ ਹਰਾ ਕੇ ਕਬੱਡੀ ਕੱਪ ਜਿੱਤਿਆ। ਇਸੇ ਤਰ੍ਹਾਂ ਹੀ ਅੰਡਰ 21 ਫਾਈਨਲ ਵਿਚ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਪਹਿਲੇ ਅਤੇ ਗੁਰਦੁਆਰਾ ਸਾਹਿਬ ਸੈਨਹੋਜੇ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਵੇਂ ਹੀ ਅੰਡਰ 25 ਫਾਈਨਲ ਵਿਚ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਟੀਮ ਪਹਿਲੇ ਅਤੇ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੀ ਟੀਮ ਦੂਜੇ ਸਥਾਨ ਤੇ ਰਹੀ। ਇਸ ਟੂਰਨਾਮੈਂਟ ਵਿਚ ਸੁਲਤਾਨ ਨੂੰ ਬੈਸਟ ਰੇਡਰ ਅਤੇ ਲੱਖਾ ਚੀਮਾ ਨੂੰ ਬੈਸਟ ਸਟੌਪਰ ਚੁਣਿਆ ਗਿਆ। ਇਸ ਕਬੱਡੀ ਕੱਪ ਦਾ ਆਯੋਜਨ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਦੇ ਪਿਛਲੇ ਪਾਸੇ ਖੇਤਾਂ ਨੂੰ ਗਰਾਊਂਡਾਂ ਦਾ ਰੂਪ ਦੇ ਕੇ ਕਰਵਾਈਆਂ ਗਈਆਂ।







ਕਬੱਡੀ ਦਾ ਪਹਿਲਾ ਇਨਾਮ ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵੱਲੋਂ 15 ਹਜ਼ਾਰ ਨਕਦ ਦਿੱਤਾ ਗਿਆ ਤੇ ਦੂਜਾ ਇਨਾਮ ਬੋਪਾਰਾਏ ਬ੍ਰਦਰਜ਼ ਅਤੇ ਜਗਜੀਤ ਸਿੰਘ ਰੱਕੜ ਵੱਲੋਂ 13 ਹਜ਼ਾਰ ਦਾ ਦਿੱਤਾ ਗਿਆ। ਇਸੇ ਤਰ੍ਹਾਂ ਤੀਸਰਾ ਇਨਾਮ ਡਾਇਮੰਡ ਟਰਾਂਸਪੋਰਟੇਸ਼ਨ ਦੇ ਭਿੰਦਰ ਗਾਖਲ ਨੇਕੀ ਅਟਵਾਲ ਤੇ ਪਿੰਕੀ ਅਟਵਾਲ ਵੱਲੋਂ 11 ਹਜ਼ਾਰ ਦਾ ਦਿੱਤਾ ਗਿਆ। ਇਸ ਕਬੱਡੀ ਕੱਪ ਵਿਚ ਭਾਰੀ ਗਿਣਤੀ ਵਿਚ ਦਰਸ਼ਕਾਂ ਨੇ ਸ਼ਮੂਲੀਅਤ ਕੀਤੀ।

ਇਸ ਤੋਂ ਇਲਾਵਾ ਮੁੱਖ ਤੌਰ ਤੇ ਸ਼ਾਮਲ ਹੋਣ ਵਾਲੀਆਂ ਸ਼ਖਸੀਅਤਾਂ ਵਿਚ ਸੀਤਲ ਸਿੰਘ ਨਿੱਜਰ, ਅਮੋਲਕ ਸਿੰਘ ਗਾਖਲ, ਸਰਬਜੀਤ ਥਿਆੜਾ, ਮਾਈਕ ਬੋਪਾਰਾਏ, ਸਤਨਾਮ ਸਿੰਘ ਬੱਲ, ਇੰਦਰਜੀਤ ਬੱਲ, ਸੁਖਦੇਵ ਗਰੇਵਾਲ, ਬੂਟਾ ਢਿੱਲੋਂ, ਪ੍ਰਿੰਸ ਹੋਠੀ, ਬਲਜੀਤ ਸੇਖੋਂ, ਬੂਟਾ ਲੋਧੀ, ਅਵਤਾਰ ਸਿੰਘ ਅਟਵਾਲ, ਚਰਨ ਬਡਵਾਲ, ਜੱਸੀ ਸੰਘਾ, ਪਰਮਜੀਤ ਸਿੰਘ, ਨਰਿੰਦਰ ਔਜਲਾ, ਸਰਬਜੀਤ ਸਾਬੀ, ਗੁਲਿੰਦਰ ਗਿੱਲ, ਮਦਨ ਸ਼ਰਮਾ, ਲਖਵੀਰ ਸਿੰਘ ਔਜਲਾ ਆਦਿ ਤੋਂ ਇਲਾਵਾ ਪ੍ਰਬੰਧਕਾਂ ਵਿਚ ਸੁੱਖੀ ਸੇਖੋਂ, ਕਿੰਦੂ ਰਸੀਦੀ, ਗੁਰਨੇਕ ਢਿੱਲੋਂ, ਗੁਰਮੁਖ ਸੰਧੂ, ਜੱਸੀ ਢਿੱਲੋਂ, ਜਸਵੀਰ ਢੀਂਡਸਾ, ਸੁਖਵਿੰਦਰ ਤੂਰ, ਮੇਜਰ ਸਿੰਘ, ਪੱਪੂ ਪੰਛੀ, ਸਾਈ ਸੋਹਲ, ਇੰਦਰਜੀਤ ਖੰਗੂੜਾ, ਗੁਰਚਰਨ ਚੰਨੀ, ਸੰਤੋਖ ਦੁਸਾਂਝ, ਰਣਬੀਰ ਸਿੰਘ, ਹਰਨੇਕ ਸੰਧੂ, ਬੂਟਾ ਢਿੱਲੋਂ ਤੇ ਬੂਟਾ ਲੋਧੀ ਆਦਿ ਨੇ ਸਾਰੇ ਇੰਤਜਾਮ ਬੜੀ ਮਿਹਨਤ ਨਾਲ ਕੀਤੇ, ਜਿਸ ਕਰਕੇ ਇਹ ਕਬੱਡੀ ਕੱਪ ਨੇਪਰੇ ਚੜਿਆ। ਗੁਰਦੁਆਰਾ ਦਸ਼ਮੇਸ਼ ਦਰਬਾਰ ਵੱਲੋਂ ਚਾਹ ਪਾਣੀ ਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਪਹੂਵਿੰਡ ਵਿਖੇ ਜਪ-ਤਪ ਚੁਪਹਿਰਾ ਸਮਾਗਮ ਕਰਵਾਇਆ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਪਹੂਵਿੰਡ ਵਿਖੇ ਜਪ-ਤਪ ਚੁਪਹਿਰਾ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕੀਤੇ ਗਏ ਤੇ ਰਾਗੀ ਜਥਾ ਭਾਈ ਹਰਵਿੰਦਰ ਸਿੰਘ ਲਿਟਲ, ਬੀਬੀ ਸਹਜਪ੍ਰੀਤ ਕੌਰ, ਬੀਬੀ ਰਮਨਦੀਪ ਕੌਰ ਵੱਲੋਂ ਰੱਬੀ ਬਾਣੀ ਦਾ ਸ਼ਬਦਿ ਕੀਰਤਨ ਕੀਤਾ ਗਿਆ। ਪ੍ਰਸਿੱਧ ਕਥਾਵਾਚਕ ਭਾਈ ਗੁਰਇਕਬਾਲ ਸਿੰਘ ਜੀ ਲੁਧਿਆਣੇ ਵਾਲਿਆਂ ਵੱਲੋਂ ਕਥਾ ਕਰਕੇ ਗੁਰੂ ਇਤਿਹਾਸ 'ਤੇ ਚਾਨਣਾ ਪਾਉਦਿਆਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਮਹਾਰਾਜ ਵੱਲੋਂ ਸਾਜੇ ਗਏ ਖਾਲਸਾ ਪੰਥ ਦੇ ਸੰਤ ਸਿਪਾਹੀ ਬਣਨ ਦਾ ਉਪਦੇਸ਼ ਦਿੱਤਾ। ਇਸ ਮੌਕੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸੇਵਾਦਾਰ ਭਾਈ ਹਰਮਿੰਦਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਾਡੇ ਪੂਰਨ ਭਾਗ ਹਨ ਕਿ ਅਸੀ ਮਾਨਸ ਜਨਮ ਦਾ ਅਨੰਦ ਮਾਣ ਰਹੇ ਹਾਂ, ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀ ਗਰੀਬ ਤੇ ਬੇਸਹਾਰੇ ਲੋਕਾਂ ਦੀ ਸੇਵਾ ਕਰਕੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੀ ਪਾਲਣਾ ਕਰ ਸਕੀਏ ਤੇ ਆਪਣਾ ਜੀਵਨ ਸਫਲਾ ਕਰ ਸਕੀਏ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੰਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਸਿੰਘ ਸੱਜਣ।



# ਰਾਵਣ ਅਤੇ ਮਹਿਖਾਸੁਰ ਸਾਡੇ ਪੂਰਵਜ, ਸਾੜਿਆ ਤਾਂ ਚੱਲੇਗਾ ਦੇਸ਼ ਧਰੋਅ ਦਾ ਮੁਕੱਦਮਾ

**ਰਾਂਚੀ–** ਖੂੰਟੀ ਜ਼ਿਲ੍ਹੇ ਦੇ ਮੁਰਹੀ ਪੰਚਾਇਤ ਦੇ ਕਾਂਕੀ ਵਿਚ ਦੋ ਦਿਨ ਪਹਿਲਾਂ ਐਸ. ਪੀ.- ਡੀ. ਐਸ. ਪੀ. ਸਮੇਤ 80 ਅਧਿਕਾਰੀ-ਕਰਮਚਾਰੀਆਂ ਨੂੰ 14 ਘੰਟੇ ਤੱਕ ਬੰਦੀ ਬਣਾਏ ਜਾਣ ਤੋਂ ਬਾਅਦ ਹੀ ਗ੍ਰਾਮ ਸਭਾ ਦਾ ਮਨੋਬਲ ਉਚਾ ਹੈ। ਕਾਂਕੀ ਨੂੰ ਰਵਾਇਤੀ ਰੂੜੀ ਜਾਂ ਪ੍ਰਥਾ ਕੁਦਰਤੀ ਗ੍ਰਾਮਸਭਾ ਦੇ ਇਕ ਨਵੇਂ ਬਿਆਨ ਤੋਂ ਬਾਅਦ ਹੀ ਹੰਗਾਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੁਣ ਪੰਚਾਇਤ ਦਾ ਨਵਾਂ ਆਦੇਸ਼ ਸਾਹਮਣੇ ਆਇਆ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਰਾਵਣ ਅਤੇ ਮਹਿਖਾਸੁਰ ਆਦਿਵਾਸੀਆਂ ਦੇ ਰਾਜਾ ਅਤੇ ਪੂਰਵਜ ਹਨ, ਉਹਨਾਂ ਨੂੰ ਦੁਸ਼ਹਿਰੇ ਦੌਰਾਨ ਸਾੜਨਾ ਜਾਂ ਰਾਖਸ਼ ਕਹਿਣਾ ਸਭਿਆਚਾਰਕ ਧਰੋਹ ਹੀ ਨਹੀਂ, ਬਲਕਿ ਦੇਸ਼ ਧਰੋਅ ਹੈ। ਜੇਕਰ ਪੰਚਵੀ ਅਨੁਸੂਚਿਤ ਖੇਤਰ ਦੇ ਜ਼ਿਲ੍ਹਿਆਂ ਵਿਚ ਮਹਾਰਾਜਾ ਰਾਵਣ ਅਤੇ ਮਹੇਸ਼ਾ ਮੁਰਮੂ (ਮਹਿਖਾਸੁਰ) ਨੂੰ ਰਾਖਣ ਕਹਿ ਕੇ ਸਾੜਿਆ ਗਿਆ ਤਾਂ ਜ਼ਿਲ੍ਹਿਆਂ ਦੇ ਡੀ. ਸੀਜ਼ ਤੇ ਦੇਸ਼ ਧਰੋਹ ਦਾ ਮੁਕੱਦਮਾ ਚੱਲੇਗਾ। ਆਦੇਸ਼ ਵਿਚ ਕਿਹਾ ਗਿਆ ਹੈ ਕਿ ਉਹਨਾਂ ਦ ਰਾਜਾ ਸਹਿ ਪੂਰਵਜ ਰਾਵਣ ਅਤੇ ਮਹਿਖਾਸੁਰ ਹਨ।

# ਛੱਡੀਆਂ 10 ਸਰਕਾਰੀ ਨੌਕਰੀਆਂ

## 100 ਨੂੰ ਬਣਾਇਆ ਆਈ. ਏ. ਐਸ.-ਪੀ. ਸੀ. ਐਸ.

**ਭੋਪਾਲ–** 18 ਸਾਲ ਤੋਂ ਮੇਘਵਾਲ ਆਈ. ਏ. ਐਸ. ਕਲਾਸਾਂ ਚਲਾ ਰਹੇ ਪੁਰਸ਼ੋਤਮ ਮੇਘਵਾਲ ਭੋਗਾਲ ਦੇ ਇਕੋ ਇਕ ਅਜਿਹੇ ਜਨੂੰਨੀ ਵਿਅਕਤੀ ਹਨ, ਜੋ ਕਸਟਮ ਐਂਡ ਸੈਂਟਰਲ ਐਕਸਾਈਜ਼ ਵਿਚ ਅਸਿਸਟੈਂਟ ਕਮਿਸ਼ਨਰ ਵਰਗੀਆਂ ਇਕ-ਦੋ ਨਹੀਂ ਬਲਕਿ ਪੂਰੀਆਂ 10 ਨੌਕਰੀਆਂ ਛੱਡ ਚੁੱਕੇ ਹਨ ਅਤੇ 100 ਵਿਦਿਆਰਥੀਆਂ ਨੂੰ ਆਈ. ਏ. ਐਸ.-ਆਈ. ਪੀ. ਐਸ. ਅਫਸਰ ਬਣਾ ਚੁੱਕੇ ਹਨ।

ਸ੍ਰੀ ਮੇਘਵਾਲ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਐਮ. ਪੀ. ਨਗਰ ਗਾਇਤਰੀ ਸ਼ਕਤੀਪੀਠ ਮੰਦਰ ਵਿਚ ਪਿਛਲੇ ਦੋ ਸਾਲ ਤੋਂ ਵਿਦਿਆਰਥੀਆਂ ਨੂੰ ਮੁਫਤ ਟਰੇਨਿੰਗ ਪ੍ਰਦਾਨ ਕਰ ਰਹੇ ਹਨ। ਉਹਨਾਂ ਦੀ ਜਿੱਦ ਹੈ ਕਿ ਉਹ ਆਪਣੇ 900 ਹੋਰ ਵਿਦਿਆਰਥੀਆਂ ਨੂੰ ਆਈ. ਏ. ਐਸ.-ਆਈ. ਪੀ. ਐਸ. ਬਣਵਾ ਕੇ ਹੀ ਲਵਾਂਗੇ। ਫਿਲਹਾਲ ਉਹਨਾਂ ਦੀਆਂ ਫ੍ਰੀ ਕਲਾਸਾਂ ਵਿਚ 200 ਵਿਦਿਆਰਥੀ ਪੜ੍ਹ ਰਹੇ ਹਨ, ਜਿਹਨਾਂ ਵਿਚੋਂ 25 ਤਾਂ ਇਸ ਵਾਰ ਯੂ. ਪੀ. ਐਸ. ਸੀ. ਦੀ ਮੈਨਜ਼ ਪ੍ਰੀਖਿਆ ਦੇ ਰਹੇ ਹਨ। ਸ੍ਰੀ ਮੇਘਵਾਲ ਦੀਆਂ ਫ੍ਰੀ ਕਲਾਸਾਂ ਹਰ ਵੀਰਵਾਰ, ਸ਼ੁੱਕਰਵਾਰ ਨੂੰ ਸ਼ਾਮੀ 6.30 ਤੋਂ 8.30 ਵਜੇ ਤੱਕ ਚਲਦੀਆਂ ਹਨ। ਪੁਰਸ਼ੋਤਮ ਮੇਘਵਾਲ ਦੇ ਜਨੂੰਨ ਨੂੰ ਦੇਖਦੇ ਹੋਏ ਗਾਇਤ੍ਰੀ ਸ਼ਕਤੀਪੀਠ ਮੰਦਰ ਟਰੱਸਟ ਨੇ ਉਹਨਾਂ ਨੂੰ ਕਲਾਸਾਂ ਚਲਾਉਣ ਲਈ ਆਪਣਾ ਹਾਲ ਮੁਫਤ ਉਪਲਬਧ ਕਰਵਾਇਆ ਹੈ।



ਕੇਂਦਰੀ ਵਿੱਤ ਸਕੱਤਰੇਤ, ਨਵੀਂ ਦਿੱਲੀ ਵਿਚ ਸੈਕਸ਼ਨ ਆਫੀਰ ਭੂਮੀ-ਰਿਕਾਰਡ ਵਿਚ ਸਹਾਇਕ ਇੰਸਪੈਕਟਰ ਸ਼ਾਜਾਪੁਰ ਵਿਚ ਨਾਇਬ ਤਹਿਸੀਲਦਾਰ, ਕੇਰਲ ਵਿਚ ਮੈਰਾਈਨ ਇੰਜੀਨੀਅਰਿੰਗ ਵਿਚ ਅਸਿਸਟੈਂਟ ਪ੍ਰੋਫੈਸਰ, ਔਰਤ ਬਾਲ ਵਿਕਾਸ ਯੋਜਨਾ ਅਧਿਕਾਰੀ, ਸੀਨੀਅਰ ਵਿਗਿਆਨ ਅਧਿਕਾਰੀ ਸਾਲ 2006 ਵਿਚ ਇਨਕਮ ਟੈਕਸ ਅਧਿਕਾਰੀ, 2007 ਵਿਚ ਆਈ. ਪੀ. ਐਸ., ਨੀਮਚ ਵਿਚ ਜੁਆਲੌਜੀ ਦੇ ਐਚ. ਓ. ਡੀ. ਵਰਗੀਆਂ ਕੁੱਲ 10 ਨੌਕਰੀਆਂ ਨੂੰ ਇਹ ਵਿਅਕਤੀ ਤਿਲਾਂਜਲੀ ਦੇ ਚੁੱਕਾ ਹੈ। ਆਪਣੀ ਜਿੱਦ ਅਤੇ ਜਨੂੰਨ ਬਾਰੇ ਪੁੱਛੇ ਜਾਣ ਤੇ 41 ਸਾਲਾ ਸ੍ਰੀ ਮੇਘਵਾਲ ਨੇ ਕਿਹਾ ਕਿ ਮੈਨੂੰ ਕੁਝ ਅਲੱਗ ਕਰਨ ਦੀ ਆਦਤ ਸੀ। ਇਸ ਕਰਕੇ ਆਮਦਨ ਦੇ ਕੁਝ ਸਾਧਨ ਅਲੱਗ ਬਣਾ ਰੱਖੇ ਹਨ, ਜਿਸ ਨਾਲ ਮੇਰਾ ਘਰ ਚੱਲ ਜਾਂਦਾ ਹੈ। ਮੈਂ ਮੁਫਤ ਟਰੇਨਿੰਗ ਦੇ ਕੇ ਨੌਜਵਾਨਾਂ ਅਤੇ ਭਵਿੱਖ ਦੇ ਆਈ. ਏ. ਐਸ.-ਆਈ. ਪੀ. ਐਸ. ਵਿਚ ਜਾਗਰੂਕਤਾ ਫੈਲਾ ਰਿਹਾ ਹਾਂ।

# ਐੱਸ.ਸੀ. ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਦੇ ਵਫਦ ਨੇ ਕੀਤੀ ਤਕਨੀਕੀ ਸਿੱਖਿਆ ਮੰਤਰੀ ਨਾਲ ਮੁਲਾਕਾਤ

**ਹੁਸ਼ਿਆਰਪੁਰ–** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਦਾ ਇੱਕ ਵਫਦ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਦੀ ਅਗਵਾਈ ਵਿਚ ਸਟੇਟ ਕਮੇਟੀ ਮੈਂਬਰਾਂ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਚਰਨ ਸਿੰਘ ਰੋਪੜ, ਕੁਲਵਿੰਦਰ ਸਿੰਘ ਬੋਦਲ ਹੁਸ਼ਿਆਰਪੁਰ ਨਾਲ ਤਕਨੀਕੀ ਸਿੱਖਿਆ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੂੰ ਮਿਲਿਆ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਜਿਸ ਵਿਚ ਮੁਖ ਤੌਰ ਤੇ ਪਰਸੋਨਲ ਵਿਭਾਗ ਪੰਜਾਬ ਦੇ ਗੈਰ ਸੰਵਿਧਾਨਕ ਅਤੇ ਰਾਖਵਾਂ ਕਰਨ ਵਿਰੋਧੀ ਪੱਤਰ ਨੰ: 4/40/2013-3 ਪੀ ਪੀ /885-856 ਮਿਤੀ 10-10-2014 ਨੂੰ ਰੱਦ ਕਰਨ, 85 ਵੀਂ ਸੰਵਿਧਾਨਕ ਸੋਧ ਜੁਲਾਈ 1995 ਤੋਂ ਲਾਗੂ ਕਰਨ, ਤੇ ਅਨੂਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮਸਲੇ ਹੱਲ ਕਰਨ ਦੀ ਮੰਗ ਕੀਤੀ ਗਈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਾ. ਜਸਵੰਤ ਰਾਏ ਜਨਰਲ ਸਕੱਤਰ ਹੁਸ਼ਿਆਰ-ਪੁਰ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਲਟਕ ਰਹੇ ਮਸਲੇ- ਅਬਾਦੀ ਅਨੁਸਾਰ ਰਾਖਵਾਂਕਰਨ, ਨਿੱਜੀ ਖੇਤਰ ਵਿਚ ਰਾਖਵਾਂਕਰਨ, ਠੇਕੇ ਤੇ ਭਰਤੀ ਮੁਲਾਜਮਾਂ ਨੂੰ ਪੱਕੇ ਕਰਨ, 22 ਲੱਖ ਸਕੂਲੀ ਵਿਦਿਆਰਥੀਆਂ ਨੂੰ ਵਜ਼ੀਫੇ ਨਿਯਮਤ ਕਰਨ, ਬੇਰੁਜ਼ਗਾਰਾਂ ਲਈ ਬੇਰੁਜ਼ਗਾਰੀ ਭੱਤਾ ਦੇਣ, ਬੇਘਰਿਆਂ ਨੂੰ ਪੱਕੇ ਘਰ ਬਣਾ ਕੇ ਦੇਣ, ਬਲਾਕ ਪੱਧਰ ਤੇ ਡਾ. ਭੀਮ ਰਾਓ ਅੰਬੇਡਕਰ ਕਮਿਊਨਿਟੀ ਸੈਂਟਰ ਬਣਾਉਣ ਆਦਿ ਮੰਗਾਂ ਰੱਖੀਆਂ ਗਈਆਂ। ਇਨ੍ਹਾਂ ਮਸਲਿਆਂ ਤੇ ਗੱਲਬਾਤ ਕਰਨ ਲਈ ਸਰਕਾਰ ਵਲੋਂ ਫੈੱਡਰੇਸ਼ਨ ਨੂੰ ਸੱਦਾ ਦੇਣ ਦੀ ਅਪੀਲ ਵੀ ਕੀਤੀ ਗਈ।



**ਰਿਪੋਰਟ: ਡਾ. ਜਸਵੰਤ ਰਾਏ ਸਾਹਰੀ**
**ਜਨਰਲ ਸਕੱਤਰ ਹੁਸ਼ਿਆਰਪੁਰ (9815825999)**

SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

Sri Guru Ravidass Temple Pittsburg, California's monthly programs

Devoted families are requesting entire Sangat to attend the following functions:
October 6-7-8, 2017 77th Barsi of Hazoor Shri Nabh Kanwal Raja Sahib

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib " on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.

October 19, 2017 (Thursday)
Diwali Celebrations
Diwali will be celebrated in Gurughar like previous years.
Sukhmani Sahib Path will start at 6:00 PM.
After, Sukhmani Sahib Path and Kirtan; Prasad, sweets and GURU KA LANGAR will be served.
*Please bring a candle to light that day.*
www.sriguruus ravidasstemple.com

Sangat Sewadars | Chairman Ramesh Suman | President Kashmiri Bhatia | General Secretary Dilbag Singh | Treasurer Vinod Kumar

# ਨਿਊਜ਼ੀਲੈਂਡ ਆਮ ਚੋਣਾਂ-2017-ਤਿੰਨ ਭਾਰਤੀ ਉਮੀਦਵਾਰ ਸੰਸਦ ਮੈਂਬਰ ਬਣੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀਆਂ ਆਮ ਚੋਣਾਂ ਲਈ ਵੋਟਾਂ ਪਾਉਣ ਦਾ ਕਾਰਜ ਜੋ ਕਿ 11 ਸਤੰਬਰ ਦਿਨ ਤੋਂ ਜਾਰੀ ਸੀ ਅੱਜ ਸ਼ਾਮ 7 ਵਜੇ ਖਤਮ ਹੋਇਆ। ਇਸਦੇ ਕੁਝ ਸਮੇਂ ਬਾਅਦ ਦੇਸ਼ ਦੀ 52ਵੀਂ ਸੰਸਦ ਦੇ ਲਈ ਚੁਣੇ ਜਾਣ ਵਾਲੇ ਸੰਸਦ ਮੈਂਬਰਾਂ ਦੇ ਰੁਝਾਨ ਨਤੀਜੇ ਆਉਣੇ ਸ਼ੁਰੂ ਹੋ ਗਏ। ਜਿਸ ਦੇ ਵਿਚ ਸੱਤਾਧਾਰ ਨੈਸ਼ਨਲ ਪਾਰਟੀ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਬਿਲ ਇੰਗਲਿਸ਼ ਦੀ ਅਗਵਾਈ ਵਿਚ ਚੋਣ ਨਤੀਜਿਆਂ' ਬਹੁਮਤ ਦੇ ਨੇੜੇ ਪਹੁੰਚੀ। ਪਾਰਟੀ ਨੂੰ 58 ਸੀਟਾਂ ਦੀ ਭਾਗੀਦਾਰੀ ਮਿਲੀ ਪਰ ਬਹੁਮਤ ਵਾਸਤੇ 61 ਚਾਹੀਦੀਆਂ ਸਨ। ਇਨ੍ਹਾਂ ਵਿਚ 41 ਉਮੀਦਵਾਰ ਵੋਟਾਂ ਰਾਹੀਂ ਅਤੇ 17 ਉਮੀਦਵਾਰ ਪਾਰਟੀ ਵੋਟ ਨਾਲ ਸਾਂਸਦ ਬਣੇ। ਨੈਸ਼ਨਲ ਪਾਰਟੀ ਦੇ ਪਿਛਲੀ ਵਾਰ ਵੀ ਕੁੱਲ 58 ਸੰਸਦ ਮੈਂਬਰ ਸਨ ਜਿਨ੍ਹਾਂ ਵਿਚ 39 ਚੁਣੇ ਹੋਏ ਅਤੇ 19 ਪਾਰਟੀ ਲਿਸਟ ਵਜੋਂ ਸਨ। ਭਾਰਤੀਆਂ ਨੂੰ ਇਸ ਗੱਲ ਦੀ ਖੁਸ਼ੀ ਹੋਏਗੀ ਪਹਿਲੇ ਭਾਰਤੀ ਅਤੇ ਸਿੱਖ ਮੈਂਬਰ ਪਾਰਲੀਮੈਂਟ ਸ. ਕੰਵਲਜੀਤ ਸਿੰਘ ਨੇ ਚੌਕਾ ਮਾਰਦਿਆਂ ਇਸ ਵਾਰ ਫਿਰ ਪਾਰਟੀ ਵੋਟ ਉਤੇ ਸੰਸਦ ਦੇ ਵਿਚ ਆਪਣੀ ਪਹੁੰਚ ਬਣਾ ਲਈ ਹੈ। ਸ. ਕੰਵਲਜੀਤ ਸਿੰਘ ਬਖਸ਼ੀ 8 ਨਵੰਬਰ 2008 ਤੋਂ ਸੰਸਦ ਮੈਂਬਰ ਚਲੇ ਆ ਰਹੇ ਹਨ ਅਤੇ ਸੰਸਦ ਦੇ ਵਿਚ ਪਹੁੰਚਣ ਵਾਲੇ ਪਹਿਲੀ ਭਾਰਤ ਜਨਮੇ ਅਤੇ ਪਹਿਲੇ ਪਗੜਧਾਰੀ ਉਮੀਦਵਾਰ ਹਨ। ਉਹ ਜਿੱਥੇ ਕਈ ਪਾਰਲੀਮਾਨੀ ਕਮੇਟੀਆਂ ਦੇ ਮੈਂਬਰ ਰਹੇ ਹਨ ਉਥੇ ਉਹ 'ਲਾਅ ਐਂਡ ਆਰਡਰ' ਸਿਲੈਕਟ ਕਮੇਟੀ ਦੇ 2014 ਦੇ ਵਿਚ ਡਿਪਟੀ ਚੇਅਰਮੈਨ ਬਣੇ ਅਤੇ ਫਿਰ 11 ਫਰਵਰੀ 2015 ਤੋਂ 22 ਅਗਸਤ 2017 ਤੱਕ ਚੇਅਰਮੈਨ ਵੀ ਰਹੇ। ਸੰਨ 2001 ਦੇ ਵਿਚ ਉਹ ਨਿਊਜ਼ੀਲੈਂਡ ਆਏ ਸਨ। ਉਨ੍ਹਾਂ ਦਾ ਪਾਰਟੀ ਲਿਸਟ ਵਿਚ 32ਵਾਂ ਸਥਾਨ ਸੀ। ਅੱਜ ਪਾਰਟੀ ਹਾਲ ਦੇ ਵਿਚ ਸ. ਕੰਵਲਜੀਤ ਸਿੰਘ ਬਖਸ਼ੀ ਦੇ ਨਾਲ ਵੱਡੀ ਗਿਣਤੀ ਦੇ ਵਿਚ ਭਾਰਤੀ ਭਾਈਚਾਰੇ ਦੇ ਲੋਕ ਸ਼ਾਮਿਲ ਸਨ।


ਸ. ਕੰਵਲਜੀਤ ਸਿੰਘ ਬਖਸ਼ੀ, ਡਾ. ਪਰਮਜੀਤ ਕੌਰ ਪਰਮਾਰ ਅਤੇ ਪ੍ਰਿਅੰਕਾ ਰਾਧਾ ਕ੍ਰਿਸ਼ਨਨ

ਇਸੇ ਤਰ੍ਹਾਂ ਡਾ. ਪਰਮਜੀਤ ਕੌਰ ਪਰਮਾਰ ਜੋ ਕਿ ਨੈਸ਼ਨਲ ਪਾਰਟੀ ਲਿਸਟ ਦੇ 34ਵੇਂ ਸਥਾਨ ਉਤੇ ਸਨ ਨੇ ਦੂਜੀ ਵਾਰ ਪਾਰਟੀ ਵੋਟ ਉਤੇ ਸੰਸਦ ਦੇ ਵਿਚ ਆਪਣੀ ਹਾਜ਼ਰੀ ਸੁਨਿਸ਼ਚ ਕੀਤੀ। ਡਾ. ਪਰਮਾਰ ਪਹਿਲੀ ਵਾਰ 20 ਸਤੰਬਰ 2014 ਨੂੰ ਪਾਰਟੀ ਲਿਸਟ 'ਤੇ ਸੰਸਦ ਮੈਂਬਰ ਬਣੇ ਸਨ। ਉਹ ਮੂਲ ਰੂਪ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਹਨ ਅਤੇ 1995 ਦੇ ਵਿਚ ਇਥੇ ਆਏ ਸਨ। ਉਨ੍ਹਾਂ ਨੇ ਇਥੇ ਆ ਕੇ ਉਚ ਸਿੱਖਿਆ ਪ੍ਰਾਪਤ ਦੇ ਨਾਲ-ਨਾਲ ਪੀ. ਐਚ.ਡੀ. ਵੀ ਕੀਤੀ ਅਤੇ ਇਕ ਸਾਇੰਸਦਾਨ ਵੱਜੋਂ ਇਥੇ ਕੰਮ ਕੀਤਾ। ਇਸ ਤੋਂ ਪਹਿਲਾਂ ਉਹ ਫੈਮਿਲੀਜ਼ ਕਮਿਸ਼ਨਰ ਰਹਿ ਚੁੱਕੇ ਹਨ।

ਵਰਨਣਯੋਗ ਹੈ ਕਿ ਇਨ੍ਹਾਂ ਚੋਣ ਦੇ ਵਿਚ ਲਗਪਗ 17 ਭਾਰਤੀ ਉਮੀਦਵਾਰ ਵੱਖ-ਵੱਖ ਰਾਜਸੀ ਪਾਰਟੀਆਂ ਤੋਂ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਸਨ। ਵਿਰੋਧੀ ਧਿਰ ਲੇਬਰ ਪਾਰਟੀ ਨੇ 35.6% ਵੋਟਾਂ ਦੇ ਨਾਲ 45 ਉਮੀਦਵਾਰਾਂ ਨੂੰ ਸੰਸਦ ਦੇ ਵਿਚ ਜਗ੍ਹਾ ਦਿਵਾਈ ਲਈ ਇਸੇ ਤਰ੍ਹਾਂ ਨਿਊਜ਼ੀਲੈਂਡ ਫਸਟ ਦੇ 7.5% ਨਾਲ 9 ਸੰਸਦ ਮੈਂਬਰ, ਗ੍ਰੀਨ ਪਾਰਟੀ ਦੇ 5.8% ਨਾਲ 7 ਸੰਸਦ ਮੈਂਬਰ ਅਤੇ ਐਕਟ ਪਾਰਟੀ 1 ਸੀਟ 'ਤੇ ਜੇਤੂ ਰਹੇ। ਇਨ੍ਹਾਂ ਚੋਣਾਂ ਵਿਚ 17 ਰਾਜਸੀ ਪਾਰਟੀਆਂ ਦੇ ਉਮੀਦਵਾਰ ਆਪਣੀ ਕਿਸਮਤ ਅਜਮਾਈ ਕਰ ਰਹੇ ਸਨ ਅਤੇ 500 ਤੋਂ ਉਪਰ ਉਮੀਦਵਾਰ ਸਨ। ਲੇਬਰ ਪਾਰਟੀ ਤੋਂ ਪਹਿਲੀ ਵਾਰ ਇਕ ਭਾਰਤੀ ਉਮਦੀਵਾਰ ਪ੍ਰਿਅੰਕਾ ਰਾਧਾਕ੍ਰਿਸ਼ਨਨ ਵੀ ਪਾਰਟੀ ਵੋਟ ਉਤੇ ਸਾਂਸਦ ਬਣ ਗਈ ਹੈ।

ਭਾਰਤੀ ਉਮੀਦਵਾਰ ਜੋ ਨਹੀਂ ਹੋ ਸਕੇ ਕਾਮਯਾਬ: ਨੈਸ਼ਨਲ ਪਾਰਟੀ ਦੇ ਬੀਰਾਮ ਬਾਲਾ, ਲੇਬਰ ਪਾਰਟੀ ਤੋਂ, ਸਰਬ ਜੌਹਲ, ਜੈਸੀ ਪਾਬਲਾ, ਬਲਜੀਤ ਕੌਰ, ਤੇ ਗੌਰਵ ਸ਼ਰਮਾ, ਨਿਊਜ਼ੀਲੈਂਡ ਫਸਟ ਪਾਰਟੀ ਤੋਂ ਸ੍ਰੀ ਮਹੇਸ਼ ਬਿੰਦਰਾ, ਐਕਟ ਤੋਂ ਸ. ਭੁਪਿੰਦਰ ਸਿੰਘ, ਸੈਮ ਸਿੰਘ, ਗ੍ਰੀਨ ਤੋਂ ਸ੍ਰੀ ਰਾਜ ਸਿੰਘ, ਨਿਊਜ਼ੀਲੈਂਡ ਪੀਪਲ ਪਾਰਟੀ, ਸ੍ਰੀ ਰੌਸ਼ਨ ਨੌਹਰੀਆ, ਅਨਿਲ ਸ਼ਰਮਾ ਅਤੇ ਸ੍ਰੀਮਤੀ ਸਿਰੀ ਨੈਪਾਲੀ ਸਾਂਸਦ ਕਹਾਉਣ ਤੋਂ ਵਾਂਝੇ ਰਹਿ ਗਏ। ਪਹਿਲੀ ਸੰਸਦ ਦੀ ਮਿਆਦ 10 ਅਕਤੂਬਰ 2017 ਤੱਕ ਹੈ। ਇਨ੍ਹਾਂ ਚੋਣਾਂ ਦੇ ਨਤੀਜਿਆਂ ਦਾ ਸਰਕਾਰੀ ਨਤੀਜਾ 7 ਅਕਤੂਬਰ ਨੂੰ ਐਲਾਨਿਆ ਜਾਵੇਗਾ 11 ਅਕਤੂਬਰ ਤੱਕ ਦੁਬਾਰਾ ਗਿਣਤੀ ਕਰਨ ਦੀ ਅਪੀਲ ਕੀਤੀ ਜਾ ਸਕਦੀ ਹੈ। 12 ਅਕਤੂਬਰ ਨੂੰ ਸਰਕਾਰੀ ਪਰਵਾਨਾ ਜਾਰੀ ਹੋਵੇਗਾ ਜੋ ਕਿ ਸੰਸਦ ਮੈਂਬਰਾਂ ਨੂੰ ਮਾਨਤਾ ਦੇ ਦੇਵੇਗਾ। ਇਸ ਵੇਲੇ ਬਹੁਮਤ ਨਾ ਹੋਣ ਕਰਕੇ ਇਕ ਦੂਜੀ ਪਾਰਟੀ ਦੇ ਨਾਲ ਗੱਠਜੋੜ ਕਰਨਾ ਹੋਏਗਾ ਇਸ ਤੋਂ ਬਾਅਦ ਹੀ ਫੈਸਲਾ ਹੋਵੇਗਾ ਕਿ ਕਿਹੜੀ ਪਾਰਟੀ ਕਿਸ ਨਾਲ ਮਿਲ ਕੇ ਸਰਕਾਰ ਬਣਾਉਂਦੀ ਹੈ।

## ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਬਾਬਾ ਸ਼ੇਖ ਫਰੀਦ ਜੀ ਦਾ ਪ੍ਰਕਾਸ਼ ਉਤਸਵ

(ਸਫਾ 10 ਦੀ ਬਾਕੀ)

ਨੇ ਬਹੁਤ ਹੀ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਹੀ ਨਹੀਂ ਕੀਤਾ ਬਲਕਿ ਮਹਾਂਪੁਰਸ਼ਾਂ ਦੇ ਸਮੇਂ ਤੇ ਅੱਜ ਦੇ ਸਮੇਂ ਨੂੰ ਮੁੱਖ ਰੱਖ ਕੇ ਚੱਲਣ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਜਿਹਨਾਂ ਮਹਾਂਪੁਰਸ਼ਾਂ ਦੀ ਬਾਣੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਹੈ, ਉਹ ਬਹੁਤ ਹੀ ਉਚੇ ਵਿਚਾਰਾਂ ਦੇ ਧਨੀ ਸਨ। ਉਹਨਾਂ ਦੀ ਉਚਾਰਣ ਕੀਤੀ ਬਾਣੀ ਅੱਜ ਵੀ ਸਾਰਥਕ ਹੈ। ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਪਿਛਲੇ ਸਾਲ ਵੀ ਉਹਨਾਂ ਸਕੂਲ ਵਿਦਿਆਰਥੀਆਂ ਦਾ ਮਾਣ-ਸਨਮਾਨ ਕੀਤਾ ਸੀ, ਜਿਹਨਾਂ ਦਾ ਮਿਡਲ ਅਤੇ ਹਾਈ ਸਕੂਲ 'ਚ 4.9+ ਜੀ. ਪੀ. ਏ. ਸੀ ਤੇ ਇਸ ਸ਼ੁਭ ਦਿਹਾੜੇ ਦੇ ਮੌਕੇ (ਜੋ 24 ਸਤੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਮਨਾਇਆ) ਵੀ ਅਜਿਹੇ ਹੋਣਹਾਰ ਵਿਦਿਆਰਥੀਆਂ ਦਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਮਾਣ-ਸਨਮਾਨ ਕੀਤਾ ਅਤੇ ਇਹਨਾਂ ਬੱਚਿਆਂ ਦੇ ਮਾਤਾ-ਪਿਤਾਦਾ ਵੀ ਧੰਨਵਾਦ ਕੀਤਾ, ਜਿਹਨਾਂ ਆਪਣੇ ਬੱਚਿਆਂ ਨੂੰ ਪੜ੍ਹਾਈ ਵੱਲ ਲਗਾਇਆ ਹੈ। ਗੁਰੂ ਘਰ ਦੇ ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਹੋਣਹਾਰ ਵਿਦਿਆਰਥੀਆਂ ਦੀ ਸ਼ਲਾਘਾਕਰਦਿਆਂ ਉਹਨਾਂ ਨੂੰ ਕਮੇਟੀ ਵੱਲੋਂ ਹਾਰਦਿਕ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਵੱਲੋਂ ਵਿੱਦਿਆ ਦਾ ਦਿਖਾਇਆ ਮਾਰਗ ਨੂੰ ਆਪਣਾ ਜੀਵਨ ਆਧਾਰ ਬਣਾ ਕੇ ਵੱਧ ਤੋਂ ਵੱਧ ਉਚ ਵਿੱਦਿਆ ਹਾਸਲ ਕਰਨਗੇ ਤੇ ਆਪਣੇ ਉਚੇ-ਸੁੱਚੇ ਰਹਿਬਰਾਂ ਦੀ ਤਰ੍ਹਾਂ ਆਪਣੇ ਸੰਸਾਰਕ ਜੀਵਨ ਦੇ ਨਾਲ-ਨਾਲ ਸਮਾਜ 'ਚੋਂ ਲੋੜਵੰਦਾਂ ਦੀ ਮਦਦ ਵੀ ਕਰਨਗੇ।

## ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 20ਵੀ ਬਰਸੀ ਮੁਹੱਲਾ ਧਰਮਕੋਟ ਫਗਵਾੜਾ ਵਿਖੇ ਮਨਾਈ ਗਈ

(ਸਫਾ 10 ਦੀ ਬਾਕੀ)

ਧਰਮਸੋਤ ਅਤੇ ਦਰਸ਼ਨ ਲਾਲ ਧਰਮਸੋਤ ਕੌਂਸਲਰ ਨੇ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਯਾਦਗਾਰੀ ਸਮਾਜ ਸੇਵਾ ਪੁਰਸਕਾਰ ਸਮਾਜ ਸੇਵਾ ਦੇ ਖੇਤਰ ਵਿੱਚ ਉੱਘਾ ਯੋਗਦਾਨ ਪਾਉਣ ਵਾਲ਼ੀਆਂ ਸ਼ਖ਼ਸੀਅਤਾਂ ਸਰਬਜੀਤ ਸਿੰਘ ਲੁਬਾਣਾ (ਸੋਚ ਚੈਰੀਟੇਬਲ ਸੰਸਥਾ), ਸ਼ਿਵਮ ਨਾਇਕ (ਅਲੀਗੜ੍ਹ, ਯੂ.ਪੀ.), ਅਮਰੀਕ ਸਿੰਘ ਸਰਹਾਲ ਕਾਜ਼ੀਆਂ (ਪ੍ਰਧਾਨ ਦਰਬਾਰ ਬਾਬਾ ਹਾਥੀ ਰਾਮ ਪ੍ਰਬੰਧਕ ਕਮੇਟੀ ਗੁਣਾਚੌਰ) ਅਤੇ ਮਲਕੀਤ ਸਿੰਘ ਕਡਿਆਣਾ (ਚੇਅਰਮੈਨ ਦਰਬਾਰ ਬਾਬਾ ਹਾਥੀ ਰਾਮ ਪ੍ਰਬੰਧਕ ਕਮੇਟੀ ਗੁਣਾਚੌਰ) ਨੂੰ ਪ੍ਰਦਾਨ ਕੀਤੇ। ਉੱਘੇ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ ਨੇ ਆਪਣੇ ਗੀਤਾਂ ਰਾਹੀਂ ਬਾਬਾ ਬੂਟਾ ਰਾਮ ਧਰਮਸੋਤ ਜੀ ਨੂੰ ਅਕੀਦਤ ਦੇ ਫੁੱਲ ਭੇਂਟ ਕੀਤੇ। ਬਾਬਾ ਬੂਟਾ ਰਾਮ ਧਰਮਸੋਤ ਦੀ ਯਾਦ ਵਿੱਚ ਅਤੁੱਟ ਲੰਗਰ ਧਰਮਸੋਤ ਵੈੱਲਫੇਅਰ ਸੋਸਾਇਟੀ ਵੱਲੋਂ ਵਰਤਾਇਆ ਗਿਆ।

**ਰਿਪੋਰਟ- ਕਮਲ ਧਰਮਸੋਤ**


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Free Estimates
Free Towing
510- 733- 2222
1421 Industrial PKWY West#F Hayward, CA 94544


Prop: Jasbir Singh Takhar
510-755-2132
Harmandeep Singh

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਬਾਬਾ ਸ਼ੇਖ ਫਰੀਦ ਜੀ ਦਾ ਪ੍ਰਕਾਸ਼ ਉਤਸਵ





**ਫਰਿਜਨੋ (ਦੜੌਚ)-** ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਤੇ ਸਮੂਹ ਸੰਗਤਾਂਨੇ ਰਲ-ਮਿਲ ਕੇ ਬਹੁਤ ਹੀ ਉਤਸ਼ਾਹ ਨਾਲ ਸਤਿਗੁਰੂ ਬਾਬਾ ਸ਼ੇਖ ਫਰੀਦ ਜੀ ਦਾ ਪ੍ਰਕਾਸ਼ ਉਤਸਵ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਰਾਗੀ ਜਥਾ ਭਾਈ ਸਾਹਿਬ ਭਾਈ ਰਾਮ ਸਿੰਘ ਜੀ (ਜੋ ਗੁਰੂ ਘਰ ਦੇ ਹੈਡ ਗ੍ਰੰਥੀ ਵੀ ਹਨ) ਅਤੇ ਭਾਈ ਹਰਬਲਾਸ ਸਿੰਘ ਜੀ ਦੇ ਜਥੇ

**(ਬਾਕੀ ਸਫਾ 9 ਤੇ ਦੇਖੋ)**

# ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 20ਵੀ ਬਰਸੀ ਮੁਹੱਲਾ ਧਰਮਕੋਟ ਫਗਵਾੜਾ ਵਿਖੇ ਮਨਾਈ ਗਈ

**ਫਗਵਾੜਾ-** ਆਪਣਾ ਸਾਰਾ ਜੀਵਨ ਸਮਾਜ ਸੇਵਾ ਨੂੰ ਸਮਰਪਿਤ ਕਰਨ ਵਾਲੇ ਉੱਘੇ ਸਮਾਜ ਸੁਧਾਰਕ ਬਾਬਾ ਬੂਟਾ ਰਾਮ ਧਰਮਸੋਤ ਜੀ ਦੀ 20ਵੀਂ ਬਰਸੀ ਮੁਹੱਲਾ ਧਰਮਕੋਟ, ਫਗਵਾੜਾ ਵਿਖੇ 23 ਸਤੰਬਰ, 2017 ਨੂੰ ਬੜੀ ਸਫਲਤਾ-ਪੂਰਵਕ ਮਨਾਈ ਗਈ। ਸ. ਸਾਧੂ ਸਿੰਘ ਧਰਮਸੋਤ ਕੈਬਨਿਟ ਮੰਤਰੀ ਪੰਜਾਬ ਸਰਕਾਰ ਇਸ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਪਧਾਰੇ। ਸ. ਧਰਮਸੋਤ ਨੇ ਆਪਣੇ ਸੰਬੋਧਨ ਵਿਚ ਆਖਿਆ ਕਿ ਦਾਜ ਦਹੇਜ ਦੀ ਪ੍ਰਥਾ ਦੇ ਵਿਰੁੱਧ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਬਾਬਾ ਬੂਟਾ ਰਾਮ ਧਰਮਸੋਤ ਨੇ ਲੋਕਾਈ ਨੂੰ ਸੰਦੇਸ਼ ਦਿੱਤਾ। ਉਨ੍ਹਾਂ ਨੇ ਖ਼ੁਦ ਸਾਦਾ ਜੀਵਨ ਜੀ ਕੇ ਲੋਕਾਂ ਨੂੰ ਵੀ ਸਾਦਾ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਆਖਿਆ ਕਿ ਬਾਬਾ ਬੂਟਾ ਰਾਮ ਧਰਮਸੋਤ ਦੇ ਸੰਘਰਸ਼ ਦੀ ਬਦੌਲਤ ਹੀ ਅੱਜ ਮੁਹੱਲਾ ਧਰਮਕੋਟ ਇੰਨੀ ਤਰੱਕੀ ਕਰ ਸਕਿਆ ਹੈ ਅਤੇ ਪੰਜਾਬ ਦੀਆਂ ਬਾਜ਼ੀਗਰ ਬਸਤੀਆਂ ਵਿੱਚੋਂ ਸਭ ਤੋਂ ਜ਼ਿਆਦਾ ਪ੍ਰਫੁੱਲਿਤ ਹੈ।

ਸ. ਧਰਮਸੋਤ ਨੇ ਸ੍ਰੀ ਸਿੱਧ ਬਾਬਾ ਬਾਲਕ ਨਾਥ ਮੰਦਰ ਮੁਹੱਲਾ ਧਰਮਕੋਟ ਲਈ ਭਾਂਡਿਆਂ



ਵਾਸਤੇ 51000 ਅਤੇ ਕਮਿਊਨਿਟੀ ਹਾਲ ਵਾਸਤੇ ਇੱਕ ਲੱਖ ਰੁਪਏ ਦੀ ਗਰਾਂਟ ਆਪਣੇ ਅਖਤਿਆਰੀ ਕੋਟੇ ਵਿੱਚੋਂ ਦੇਣ ਦਾ ਐਲਾਨ ਵੀ ਕੀਤਾ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਕਾਂਗਰਸ ਦੇ ਜ਼ਿਲਾ ਪ੍ਰਧਾਨ ਸ. ਜੋਗਿੰਦਰ ਸਿੰਘ ਮਾਨ ਨੇ ਇਸ ਸਮਾਗਮ ਵਿੱਚ ਪ੍ਰਧਾਨਗੀ ਭਾਸ਼ਣ ਕਰਦਿਆਂ ਆਖਿਆ ਕਿ ਬਾਬਾ ਬੂਟਾ ਰਾਮ ਧਰਮਸੋਤ ਨੇ ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਲੜਦਿਆਂ ਆਪਣੀ ਪੂਰੀ ਜ਼ਿੰਦਗੀ ਬਤੀਤ ਕੀਤੀ।

ਧਰਮਸੋਤ ਵੈੱਲਫੇਅਰ ਸੋਸਾਇਟੀ ਫਗਵਾੜਾ ਦੇ ਪ੍ਰਧਾਨ ਅਸ਼ੋਕ ਕਮਲ ਧਰਮਸੋਤ, ਧਰਮ ਪਾਲ ਧਰਮਸੋਤ, ਸੋਢੀ

**(ਬਾਕੀ ਸਫਾ 9 ਤੇ ਦੇਖੋ)**


TANDOOR
Indian Restaurant
27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532

L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# 'ਕਿੰਗਜ਼ ਸਪੋਰਟਸ ਕਲੱਬ' ਵੱਲੋਂ ਕਰਵਾਏ ਗਏ ਸਫਲਤਾ ਪੂਰਵਕ ਕਬੱਡੀ ਕੱਪ ਦੀਆਂ 'ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ' ਵੱਲੋਂ ਵਧਾਈਆਂ











ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਦੇ ਮੈਂਬਰ ਕਬੱਡੀ ਟੂਰਨਾਮੈਂਟ ਦਰਮਿਆਨ

# 'ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ' ਵੱਲੋਂ 'ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ' ਵੱਲੋਂ ਕਰਵਾਏ ਗਏ ਸਫਲਤਾ ਪੂਰਵਕ ਕਬੱਡੀ ਕੱਪ ਦੀਆਂ ਵਧਾਈਆਂ













ਯੂਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਕਿੰਗਜ਼ ਸਪੋਰਟਸ ਕਲੱਬ ਦੇ ਅੰਤਰ ਰਾਸ਼ਟਰੀ ਕਬੱਡੀ ਟੂਰਨਾਮੈਂਟ ਦਰਮਿਆਨ ਖਿਡਾਰੀਆਂ ਅਤੇ ਪ੍ਰਬੰਧਕਾਂ ਅਤੇ ਪ੍ਰਸ਼ੰਸਕਾਂ ਦੇ ਨਾਲ।

# ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਪੰਜਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀਆਂ ਕੁਝ ਝਲਕੀਆਂ














































Pictures by: Prem K. Chumber Desh Doaba





# ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਪੰਜਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀਆਂ ਕੁਝ ਝਲਕੀਆਂ












Pictures by: Prem K. Chumber Desh Doaba















# ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਵੱਲੋਂ ਕੋਟਿਨ-ਕੋਟਿ ਧੰਨਵਾਦ

ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਪੰਜਵੇਂ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ 'ਚ ਸਾਰੀਆਂ ਹੀ ਕਬੱਡੀ ਟੀਮਾਂ ਤੇ ਰੱਸਾਕਸ਼ੀ ਟੀਮਾਂ ਆਦਿ, ਜਿਹਨਾਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਹਿੱਸਾ ਲਿਆ, ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ, ਖਿਡਾਰੀਆਂ ਦਾ ਖੇਡ ਦੇ ਮੈਦਾਨ ਅੰਦਰ ਖਿਡਾਰੀ ਭਾਵਨਾ ਦਾ ਪ੍ਰਗਟਾਵਾ ਸਾਰੇ ਹੀ ਕਬੱਡੀ ਪ੍ਰੇਮੀਆਂ ਦਾ ਸ਼ਾਂਤਮਈ ਮਾਹੌਲ ਬਣਾਈ ਰੱਖਣ ਤੇ ਮਨ ਚਿੱਤ ਇਕਾਗਰਤਾ ਨਾਲ ਸਾਰੀਆਂ ਟੀਮਾਂ ਦੇ ਖੇਡ ਦਾ ਆਨੰਦ ਮਾਨਣਾ, ਖਿਡਾਰੀਆਂ ਦੀ ਚੰਗੀ ਕਾਰਗੁਜ਼ਾਰੀ ਤੇ ਚੰਗੀ ਸ਼ਬਦਾਵਲੀ, ਇਕਸੁਰ ਤਾੜੀਆਂ ਦੀ ਸੁਰ 'ਚ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਤੇ ਮਾਣ ਵਧਾਉਣਾ, ਬਹੁਤ ਸਾਰੇ ਖਿਡਾਰੀਆਂ ਦੀ ਵਧੀਆ ਕਾਰ-ਗੁਜ਼ਾਰੀ ਤੇ ਮਾਇਆ ਪੱਖੋਂ ਵੀ ਹੌਸਲਾ ਅਫਜ਼ਾਈ ਕਰਨਾ ਅਤੇ ਕਬੱਡੀ ਟੂਰਨਾਮੈਂਟ ਦੇ ਸਾਰੇ ਸਪਾਂਸਰ ਸਾਹਿਬਾਨ ਵੱਲੋਂ ਮਾਇਕ ਮਦਦ ਤੇ ਖੇਡ ਦੇ ਮੈਦਾਨ 'ਚ ਆਉਣਾ, ਸਭ ਦਾ ਪ੍ਰਬੰਧਕ ਕਮੇਟੀ ਵੱਲੋਂ ਦਿਲੀ ਨਿੱਘਾ ਸਵਾਗਤ ਤੇ ਕੋਟਿਨ ਕੋਟਿ ਧੰਨਵਾਦ ਕੀਤਾ ਜਾਂਦਾ ਹੈ।

ਅਸੀਂ ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸੈਕਰਾਮੈਂਟੋ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਦੇ ਵੀ ਅਤੀ ਧੰਨਵਾਦੀ ਅਤੇ ਰਿਣੀ ਹਾਂ, ਜਿਹਨਾਂ ਨੇ ਹਰ ਤਰ੍ਹਾਂ ਇਸ ਪੰਜਵੇਂ ਕਬੱਡੀ ਟੂਰਨਾਮੈਂਟ 'ਚ ਸਾਡਾ ਸਾਥ ਦਿੱਤਾ ਅਤੇ ਇਸਦੇ ਨਾਲ ਨਾਲ ਅਸੀਂ ਸਮੂਹ ਹਰ ਪ੍ਰਕਾਰ ਦੇ ਮੀਡੀਆ ਦਾ ਵੀ ਧੰਨਵਾਦ ਕਰਦੇ ਹਾਂ, ਜਿਹਨਾਂ ਇਸ ਟੂਰਨਾਮੈਂਟ ਦੀ ਕਵਰੇਜ ਕੀਤੀ ਤੇ ਇਸ ਦੀ ਖ਼ਬਰ ਵਿਸ਼ਵ ਪੱਧਰ 'ਤੇ ਲੈ ਕੇ ਗਏ।

ਉਹਨਾਂ ਵੀਰਾਂ-ਭੈਣਾਂ, ਬੱਚੇ, ਨੌਜਵਾਨ ਤੇ ਬਜ਼ੁਰਗਾਂ ਦੇ ਵੀ ਧੰਨਵਾਦੀ ਹਾਂ, ਜਿਹਨਾਂ ਲੰਮਾ ਸਮਾਂ ਪੰਜਵੇਂ ਵਿਸ਼ਵ ਕਬੱਡੀ ਕੱਪ 'ਚ ਹਾਜ਼ਰੀ ਭਰ ਕੇ ਜਿੱਥੇ ਖ਼ੁਦ ਇਸ ਟੂਰਨਾਮੈਂਟ ਦਾ ਆਨੰਦ ਮਾਣਿਆ ਤੇ ਸਾਨੂੰ ਵੀ ਸਹਿਯੋਗ ਤੇ ਹੌਸਲਾ ਦਿੱਤਾ।

ਇਸ ਦੇ ਨਾਲ ਨਾਲ ਅਸੀਂ ਦੇਸ਼ ਵਿਦੇਸ਼ ਤੋਂ ਆਏ ਕਬੱਡੀ ਪ੍ਰਸ਼ੰਸਕਾਂ/ਦਰਸ਼ਕਾਂ ਦੇ ਵੀ ਧੰਨਵਾਦੀ ਹਾਂ ਕਿ ਉਹਨਾਂ ਆਪਣਾ ਕੀਮਤੀ ਸਮਾਂ ਕੱਢ ਕੇ ਸਾਡਾ ਹੌਸਲਾ ਅਤੇ ਮਾਣ ਵਧਾਇਆ।

ਅਸੀਂ ਉਹਨਾਂ ਵੀਰਾਂ, ਭੈਣਾਂ, ਮੀਡੀਆ ਦਾ ਵੀ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦੇ, ਜਿਹਨਾਂ ਨੇ ਇਸ ਪੰਜਵੇਂ ਵਿਸ਼ਵ ਕਬੱਡੀ ਕੱਪ ਦੀਆਂ ਫੋਟੋ/ਵੀਡੀਓਜ਼ ਸੋਸ਼ਲ ਮੀਡੀਆ ਰਾਹੀਂ ਵਿਸ਼ਵ ਪੱਧਰ ਤੇ ਦਿਖਾਈਆਂ। ਅਖੀਰ ਵਿਚ ਅਸੀਂ ਉਹਨਾਂ ਦੇ ਵੀ ਧੰਨਵਾਦੀ ਹਾਂ, ਜਿਹਨਾਂ ਨੇ ਧਾਰਮਿਕ ਲਿਟਰੇਚਰ, ਲੰਗਰ, ਪਾਣੀ, ਗਰਮਾ-ਗਰਮ ਚਾਹ-ਪਕੌੜੇ ਅਤੇ ਕੁਲਫੀਆਂ ਆਦਿ ਦੇ ਸਟਾਲ ਲਗਾ ਕੇ ਇਸ ਮੇਲੇ 'ਚ ਆਪਣਾ ਯੋਗਦਾਨ ਪਾਉਂਦਿਆਂ ਇਸ ਦੀ ਸ਼ਾਨ ਹੋਰ ਵਧਾਈ।

ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਦੀ ਕਾਰ-ਗੁਜ਼ਾਰੀ ਕਿਹੋ ਜਿਹੀ ਰਹੀ, ਉਸ ਦੇ ਅਗਾਂਹਵਧੂ ਤੁਹਾਡੇ ਵਿਚਾਰ ਸਾਨੂੰ ਅਗਲੇ ਸਾਲਾਂ ਤੋਂ ਹੋਰ ਵਧੀਆ ਬਣਾਉਣ 'ਚ ਸਹਾਈ ਹੋਣਗੇ। ਕਬੱਡੀ ਖੇਡ ਤੁਹਾਡੀ-ਸਾਡੀ ਸਭ ਪੰਜਾ-ਬੀਆਂ ਦੀ ਸਾਂਝੀ ਤੇ ਮਾਣ ਵਾਲੀ ਵੀ ਹੈ।

ਇਸ ਲਈ ਸਾਨੂੰ ਤੁਹਾਡਾ ਹਮੇਸ਼ਾ-ਹਮੇਸ਼ਾ ਲਈ ਸਾਥ ਚਾਹੀਦਾ ਹੈ। ਤੁਹਾਡੇ ਸਾਥ ਨਾਲ ਹੀ ਅਗਲੇ ਸਾਲ ਹੋਰ ਵਧੀਆ ਕਰਨ ਦੀ ਆਸ ਰੱਖਦੇ ਹੋਏ ਇਕ ਵਾਰ ਫਿਰ ਆਪ ਸਭ ਦਾ ਕੋਟਿਨ-ਕੋਟਿ ਧੰਨਵਾਦ।

******













ਅਮਰੀਕਾ ਦੇ ਉਘੇ ਫਾਰਮਰਜ਼ ਅਤੇ ਕਬੱਡੀ ਖੇਡ ਪ੍ਰਮੋਟਰ/ਪ੍ਰੇਮੀ ਸਰਬਜੀਤ ਸਿੰਘ ਥਿਆੜਾ (ਯੂਬਾ ਸਿਟੀ) ਕਿੰਗਜ਼ ਸਪੋਰਟਸ ਕਲੱਬ ਦੇ ਅੰਤਰ ਰਾਸ਼ਟਰੀ ਕਬੱਡੀ ਟੂਰਨਾਮੈਂਟ ਦਰਮਿਆਨ ਆਪਣੀ ਟੀਮ ਦੇ ਖਿਡਾਰੀਆਂ ਅਤੇ ਪ੍ਰਬੰਧਕਾਂ ਨਾਲ। ਕਿੰਗਜ਼ ਸਪੋਰਟਸ ਕਲੱਬ ਦੀ ਪ੍ਰਬੰਧਕ ਕਮੇਟੀ ਨੂੰ ਹਾਰਦਿਕ ਵਧਾਈਆਂ ਵੀ ਦਿੱਤੀਆਂ।







ਮਲਕੀਤ ਸਿੰਘ ਬੋਪਾਰਾਏ ਸਨਮਾਨ ਚਿੰਨ ਨਾਲ



ਮਿੰਟੂ ਸੰਧੂ ਅਤੇ ਜਸਵਿੰਦਰ ਸਿੰਘ ਬੋਪਾਰਾਏ






ਨਾਮਵਰ ਸ਼ਖਸੀਅਤ ਜਸਵਿੰਦਰ ਸਿੰਘ ਬੋਪਾਰਾਏ ਅਤੇ ਮਲਕੀਤ ਸਿੰਘ ਬੋਪਾਰਾਏ (ਬੋਪਾਰਾਏ ਬ੍ਰਦਜ਼) 'ਕਿੰਗਜ਼ ਸਪੋਰਟਸ ਕਲੱਬ' ਵੱਲੋਂ ਕਰਵਾਏ ਗਏ ਅੰਤਰ ਰਾਸ਼ਟਰੀ ਕਬੱਡੀ ਟੂਰਨਾਮੈਂਟ ਦਰਮਿਆਨ ਸਨਮਾਨ ਹਾਸਲ ਕਰਦੇ ਹੋਏ ਅਤੇ ਕਿੰਗਜ਼ ਸਪੋਰਟਸ ਕਲੱਬ ਦੇ ਸਮੂਹ ਪ੍ਰਬੰਧਕਾਂ ਅਤੇ ਖਿਡਾਰੀਆਂ ਨੂੰ ਹਾਰਦਿਕ ਵਧਾਈ ਦਿੰਦੇ ਹੋਏ। ਉਹਨਾਂ ਕਿੰਗਜ਼ ਸਪੋਰਟਸ ਕਲੱਬ ਦੀ ਪ੍ਰਬੰਧਕ ਕਮੇਟੀ ਨੂੰ ਹਾਰਦਿਕ ਵਧਾਈਆਂ ਵੀ ਦਿੱਤੀਆਂ।

# MAHA RISHI VALMIK SABHA USA

## YUBA CITY, CALIFORNIA




## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਗੁਰੂ ਪਿਆਰੀ ਸਾਧ ਸੰਗਤ ਜੀਓ**

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ ਗੁਣਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਵਿਚ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਮਹਾਂਰਿਸ਼ੀ ਵਾਲਮੀਕ ਸਭਾ (ਯੂ ਐਸ ਏ), ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਉਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

13 ਅਕਤੂਬਰ ਦਿਨ ਸ਼ੁੱਕਰਵਾਰ 2017
ਆਰੰਭ ਪਾਠ ਸ੍ਰੀ ਯੋਗਵਸ਼ਿਸ਼ਟ ਸਾਹਿਬ ਜੀ
ਸਵੇਰੇ 10 ਵਜੇ

14 ਅਕਤੂਬਰ ਦਿਨ ਸ਼ਨਿਚਰਵਾਰ, 2017
ਝੰਡਾ ਸਾਹਿਬ ਚੜ੍ਹਾਉਣ ਦੀ ਰਸਮ
ਸਵੇਰੇ 10 ਵਜੇ

15 ਅਕਤੂਬਰ ਦਿਨ ਐਤਵਾਰ, 2017
ਪਾਠ ਦੇ ਭੋਗ ਸਵੇਰੇ 11 ਵਜੇ
ਭਜਨ ਗਾਣ ਤੇ ਬੁਲਾਰੇ ਸਵੇਰੇ 11.30 ਤੋਂ ਸ਼ਾਮ 4 ਵਜੇ ਤੱਕ

**Music By : Maharishi Valmik Sangeet Mandali**

**Performances: Bhupinder Bhinda, Amarjit Lali, Vishal Sharbati, Raj Kumar, Jiwan Rattu, Des Raj Shubh, Rohtas Bhagani, Rajinder Sahota, Gurdeep Singh Heera, Swaran Lata Sondhi, Joginder Singh Shonki.**

**ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ**

**ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਹੈ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

**Address : 84/86 Percy Ave., Yuba City, CA 95991. Phone 530-777-9385**

# ਡੇਰਾ ਸਿਰਸਾ ਕਾਂਡ - ਸਿੱਟੇ ਤੇ ਸਬਕ



ਡਾ: ਗੋਬਿੰਦਰ ਸਿੰਘ ਸਮਰਾਓ
408-634-2310

ਡੇਰਾ ਸਿਰਸਾ ਦਾ ਅਖਾਉਤੀ ਸਾਧ 25 ਅਗਸਤ ਤੋਂ ਸਿਲਾਖਾਂ ਪਿੱਛੇ ਬੰਦ ਹੈ। ਉਸ ਨੂੰ ਦੋ ਨਿਰਦੋਸ਼ ਲੜਕੀਆਂ ਜੋ ਉਸ ਦੀਆਂ ਹੀ ਸ਼ਰਧਾਲੂ ਸਨ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸੀ ਬੀ ਆਈ ਅਦਾਲਤ ਵਲੋਂ ਦਸ-ਦਸ ਸਾਲ ਭਾਵ ਵੀਹ ਸਾਲ ਦੀ ਬਾ-ਮੁਸ਼ੱਕਤ ਸਜ਼ਾ ਸੁਣਾਈ ਗਈ ਹੈ। ਇਹਨਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਪੀੜਤ ਲੜਕੀਆਂ ਤੇ ਉਨ੍ਹਾਂ ਦੇ ਸਹਾਇਕ ਵਿਅਕਤੀਆਂ ਨੂੰ ਸਤਾਰਾਂ ਅਠਾਰਾਂ ਸਾਲ ਦਾ ਲੰਮਾ ਸਮਾਂ ਲੱਗਿਆ ਹੈ। ਇਸ ਸਮੇਂ ਵਿਚ ਉਹ ਅਸੀਮ ਔਕੜਾਂ, ਡਰ ਤੇ ਦਬਾਅ ਝੱਲ ਕੇ ਇਨਸਾਫ ਦੇ ਦਰ ਤੀਕਰ ਪਹੁੰਚੀਆਂ ਹਨ। ਰਿਸ਼ੀਆਂ ਮੁਨੀਆਂ ਤੇ ਗੁਰੂ ਪੀਰਾਂ ਦੀ ਗਾਹੀ ਨਿਵਾਜ਼ੀ ਭਾਰਤ ਦੀ ਧਰਤੀ ਤੋਂ ਇਕ ਬੰਦੇ ਨੇ ਵੀ ਉਹਨਾਂ ਦੀ ਬਾਂਹ ਨਹੀਂ ਫੜੀ। ਇਹ ਧਰਮ ਦੇ ਫੋਕੜਪੁਣੇ ਦੀ ਇਕ ਜਿੰਦਾ ਮਿਸਾਲ ਹੈ। ਧਰਮੀ ਸਦਾਉਣ ਵਾਲੇ ਸਾਰੇ ਚੇਲੇ ਤੇ ਸ਼ਰਧਾਲੂ ਉਸੇ ਬਲਾਤਕਾਰੀ ਦੇ ਹੱਕ ਵਿਚ ਡਟੇ ਰਹੇ ਜਾਂ ਰੱਜ ਕੇ ਖਾਮੋਸ਼ ਰਹੇ ਜਿਸ ਉੱਤੇ ਕਈ ਹੋਰ ਸੰਗੀਨ ਦੋਸ਼ ਵੀ ਲਗੇ ਹੋਏ ਹਨ।

ਇਹਨਾਂ ਦੋਸ਼ਾਂ ਅਧੀਨ ਉਸ ਪਾਖੰਡੀ ਤੇ ਕੁਕਰਮੀ ਸਾਧ ਤੇ ਕਈ ਮੁਕਦਮੇ ਹੁਣ ਵੀ ਚਲ ਰਹੇ ਸਨ। ਹਾਲੇ ਸਿਰਫ ਇਕ ਦਾ ਹੀ ਫੈਸਲਾ ਆਇਆ ਹੈ ਜਿਸ ਵਿਚ ਉਸ ਨੂੰ ਕਾਨੂੰਨ ਮੁਤਾਬਿਕ ਪੂਰੀ ਸਜ਼ਾ ਸੁਣਾਈ ਗਈ ਹੈ। ਜਿੱਥੇ ਇਸ ਸਜ਼ਾ ਦੇ ਫੈਸਲੇ ਦੀ ਦੇਸ਼ ਵਿਦੇਸ਼ ਵਿਚ ਭਰਪੂਰ ਸ਼ਲਾਘਾ ਹੋ ਰਹੀ ਹੈ ਉੱਥੇ ਉਹਨਾਂ ਵਿਅਕਤੀਆਂ ਤੇ ਸਰਕਾਰਾਂ, ਖਾਸ ਕਰ ਕੇ ਹਰਿਆਣਾ ਸਰਕਾਰ ਦੇ ਮੁੱਖ ਮੰਤਰੀ ਤੇ ਕਈ ਹੋਰ ਮੰਤਰੀਆਂ ਦੀ ਕਾਨੂੰਨ ਦਾ ਰਾਹ ਰੋਕਣ ਲਈ ਖੁਲ੍ਹ ਕੇ ਨਿਖੇਧੀ ਹੋ ਰਹੀ ਹੈ। ਕੇਸ ਦਾ ਝਟਕਾ ਤਾਜਾ ਹੋਣ ਕਰਕੇ ਅਖਬਾਰਾਂ ਤੇ ਅਲੈਕਟ੍ਰਾਨਿਕ ਮੀਡੀਆ ਵਿਚ ਸੂਚਨਾ ਸਮੱਗਰੀ ਤੇ ਟਿੱਪਣੀਆਂ ਦਾ ਇਵੇਂ ਹੜ੍ਹ ਆਇਆ ਹੋਇਆ ਹੈ ਜਿਵੇਂ ਕਿਸੇ ਨੇ ਕਿਸੇ ਵੱਡੇ ਡੈਮ ਦੇ ਗੇਟ ਖੋਹਲ ਦਿਤੇ ਹੋਣ। ਪਰ ਜਿਉਂ ਹੀ ਵਕਤ ਨਿਕਲਦਾ ਜਾਵੇਗਾ ਇਹ ਸਾਰੀ ਸੂਚਨਾ ਪੁਰਾਣੀ ਹੋ ਜਾਵੇਗੀ। ਮੀਡੀਆ ਸਾਹਮਣੇ ਨਵੇਂ ਮਸਲੇ ਆ ਜਾਣਗੇ ਤੇ ਲੋਕ ਇਸ ਕਾਂਡ ਨੂੰ ਭੁੱਲ ਜਾਣਗੇ। ਇਸ ਤੋਂ ਪਹਿਲਾਂ ਕਿ ਨਵੇਂ ਮੁੱਦਿਆਂ ਦੀ ਆਮਦ ਇਸ ਘਟਨਾ ਨੂੰ ਧੁੰਦਲਾ ਕਰ ਕੇ ਇਸ ਦੀ ਯਾਦ ਮਿਟਾ ਦੇਵੇ, ਸਮੂਚੇ ਸਮਾਜ ਨੂੰ ਇਸ ਦਾ ਲੇਖਾ ਜੋਖਾ ਕਰਕੇ ਇਸ ਤੋਂ ਬਣਦੇ ਸਬਕ ਸਿੱਖ ਲੈਣੇ ਚਾਹੀਦੇ ਹਨ। ਇਹ ਕਿਸੇ ਇਕ ਦੀ ਨਹੀਂ ਸਗੋਂ ਉਹਨਾਂ ਸਭ ਦੀ ਸਮੂਹਿਕ ਜੁਮੇਵਾਰੀ ਹੈ ਜਿਹਨਾਂ ਨੇ ਇਸ ਸਮਾਜ਼ ਵਿਚ ਰਹਿਣਾ ਹੈ। ਕਾਰਣ ਇਹ ਕਿ ਇਸ ਸਮਾਜ ਦਾ ਤਾਣਾ-ਪੇਟਾ ਹਰ ਪਾਸਿਓਂ ਖਸਤਾ ਹੋ ਗਿਆ ਹੈ। ਜੇ ਇਸ ਦੀ ਅਧੋਗਤੀ ਰੋਕਣ ਵਲ ਹੁਣ ਵੀ ਧਿਆਨ ਨਾ ਦਿਤਾ ਗਿਆ ਤਾਂ ਇਸ ਵਿਚ ਰਹਿਣਾ ਵੀ ਸ਼ਰਮ ਦੀ ਗੱਲ ਹੋ ਜਾਵੇਗਾ। ਜਿੰਨੇ ਲੋਕ ਇਹ ਗੱਲ ਸਮਝਦੇ ਹੋਣ ਉਨੇ ਹੀ ਸਹਿਯੋਗ ਕਰਨ ਕਿਉਂਕਿ ਸਾਰਿਆਂ ਦੇ ਤਾਂ ਇਹ ਗੱਲ ਹਾਲੇ ਪੱਲੇ ਵੀ ਨਹੀਂ ਪੈ ਸਕਦੀ।

ਪਹਿਲੀ ਗੱਲ ਇਹ ਕਿ ਧਰਮ ਵਿਚ ਹਮੇਸ਼ਾ ਹੀ ਕਹਿਣੀ ਤੇ ਕਰਣੀ ਦਾ ਭਾਰੀ ਅੰਤਰ ਹੁੰਦਾ ਹੈ। ਇਹ ਅੰਤਰ ਸਰਬ-ਵਿਆਪਕ ਹੈ। ਧਰਮ ਦਾ ਉਜਲ ਬਾਣਾ ਪਾ ਕੇ ਗੱਲ ਕਰਨ ਵਾਲਿਆਂ ਦੀ ਕਹਿਣੀ ਕੁਝ ਹੋਰ ਹੁੰਦੀ ਹੈ ਤੇ ਕਰਨੀ ਕੁਝ ਹੋਰ। ਕਹਿਣੀ ਦੀ ਪੁਨੀਤਤਾ ਤੇ ਕਾਰਗੁਜ਼ਾਰੀ ਵਿਚ ਪਤਿੱਤਤਾ ਦੇ ਕਾਰਣ ਸਭ ਧਾਰਮਿਕ ਸੰਸਥਾਵਾਂ ਤੇ ਡੇਰਿਆਂ ਦੀ ਫਿਤਰਤ ਇਕੋ ਜਿਹੀ ਬਣ ਜਾਂਦੀ ਹੈ। ਪੂਰੇ ਸੁਧਾਰਕ ਪ੍ਰਬੰਧਾਂ ਉਪ੍ਰੰਤ ਵੀ ਇੱਥੇ ਸਰਧਾਲੂਆਂ ਦਾ ਸ਼ੋਸ਼ਣ ਹੋਣਾ ਹੀ ਹੋਣਾ ਹੈ। ਮਾਨਸਿਕ, ਵਿਸਾਹਿਕ, ਮਾਇਕ, ਰਾਜਨੀਤਕ ਤੇ ਸ਼ਰੀਰਕ ਸਭ ਤਰ੍ਹਾਂ ਦੇ ਸ਼ੋਸ਼ਣ ਇਸ ਦੀ ਹੋਣੀ ਵਿਚ ਸ਼ਾਮਲ ਹੁੰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਸਾਰੇ ਡੇਰੇ ਇਕੋ ਜਿਹੇ ਨਹੀਂ ਹੁੰਦੇ ਭਾਵ ਕੁਝ ਡੇਰੇ ਚੰਗੇ ਵੀ ਹੁੰਦੇ ਹਨ ਜਿਹੜੇ ਇਸ ਦੋਸ਼ ਤੋਂ ਮੁਕਤ ਹਨ। ਪਰ ਗੱਲ ਚੰਗੇ ਤੇ ਮਾੜੇ ਡੇਰਿਆਂ ਦੀ ਨਹੀਂ ਸਗੋਂ ਸਮੁੱਚੇ ਧਾਰਮਿਕ ਢਾਂਚੇ ਵਿਚ ਪੈਦਾ ਹੋਏ ਡੇਰਾ ਕਲਚਰ ਦੀ ਹੈ। ਇਸ ਕਲਚਰ ਦਾ ਮੁੱਖ ਤੱਤ ਹੈ ਕਿ ਧਾਰਮਿਕ ਭੇਖ ਤੋਂ ਬਿਨਾਂ ਲੋਕ ਇਕਠੇ ਨਹੀਂ ਹੁੰਦੇ ਤੇ ਜੇ ਇਹਨਾਂ ਇਕਤਰਤਾਵਾਂ ਦਾ ਸ਼ੋਸ਼ਨ ਨਾ ਕੀਤਾ ਜਾਵੇ ਤਾਂ ਭੀੜਾਂ ਇਕਠੀਆਂ ਕਰਨ ਦਾ ਕੀ ਲਾਭ। ਇਸ ਲਈ ਜਿਹੜੇ ਦੇਖ ਲਏ ਹਨ ਉਹ ਤਾਂ ਮਾੜੇ ਹਨ ਹੀ, ਪਰ ਜਿਹੜੇ ਦੇਖੇ ਨਹੀਂ ਉਹਨਾਂ ਨੂੰ ਵੀ ਚੰਗੇ ਕਹਿਣਾ ਕੋਈ ਵਧੀਆ ਦਲੀਲ ਨਹੀਂ। ਇਹ ਕੋਈ ਨਿਆਂਇਕ ਬਹਿਸ ਤਾਂ ਹੈ ਨਹੀਂ ਕਿ ਕਿਸੇ ਨੂੰ ਉਦੋਂ ਤੀਕਰ ਚੰਗਾ ਮੰਨਦੇ ਜਾਈਏ ਜਦੋਂ ਤੀਕਰ ਉਹ ਮਾੜਾ ਸਾਬਤ ਨਾ ਹੋ ਜਾਵੇ। ਇਥੇ ਤਾਂ ਗੱਲ ਇਤਿਹਾਸ, ਤਰਕ ਤੇ ਅਨੁਭਵ ਉਤੇ ਆਧਾਰਤ ਸਬਕ ਦੀ ਹੈ ਜਿਸ ਦਾ ਸੰਬੰਧ ਕਿਸੇ ਇਕ ਸੰਸਥਾ ਨਾਲ ਨਹੀਂ ਸਗੋਂ ਸੰਸਥਾਵਾਂ ਦੇ ਸਮੂਹ ਨਾਲ ਹੈ। ਪਿਛਲੇ ਕੁਝ ਸਮੇਂ ਵਿਚ ਹੀ ਕਈ ਡੇਰਿਆਂ ਉਦਾਹਰਨਾਂ ਸਾਹਮਣੇ ਆ ਚੁੱਕੀਆਂ ਹਨ ਜਿਹੜੀਆਂ ਉਹਨਾਂ ਦੇ ਮੁਖੀਆਂ ਤੇ ਕਾਰਕੁਨਾਂ ਦੇ ਮੱਨੁਖਤਾ ਤੋਂ ਗਿਰੇ ਕਿਰਦਾਰ ਦੀ ਹਾਮੀ ਭਰਦੀਆਂ ਹਨ। ਸਾਹਮਣੇ ਆਏ ਸਭ ਡੇਰਾ ਮੁਖੀਆਂ ਦੇ ਦੋਸ਼ ਜੱਗ ਜਾਹਰ ਹੋਏ ਤੇ ਅਦਾਲਤਾਂ ਨੇ ਉਹਨਾ ਨੂੰ ਸਖਤ ਸਜਾਵਾਂ ਦਿਤੀਆਂ। ਇਕ ਸਰਬ-ਵਿਆਪਕ ਨਿਯਮ ਨੂੰ ਹਰ ਕੇਸ ਉੱਤੇ ਵੱਖ-ਵੱਖ ਤੌਰ ਤੇ ਲਾਗੂ ਕਰ ਕੇ ਪ੍ਰਮਾਣਤਾ ਪਰਖਣ ਦੀ ਲੋੜ ਨਹੀਂ ਹੁੰਦੀ। ਇਕ ਹਾਂਡੀ ਵਿਚ ਉਬਲ ਰਹੇ ਸਭ ਚਾਵਲਾਂ ਦੀ ਕੱਚ-ਪਕਾਈ ਇਕੋ ਜਿਹੀ ਹੁੰਦੀ ਹੈ। ਜਿਸ ਸਮਾਜ਼ ਵਿਚ ਸਰਬ-ਪੱਖੀ ਨੈਤਿਕ ਅੰਧਕਾਰ ਪਸਰ ਰਿਹਾ ਹੋਵੇ ਉੱਥੇ ਕਿਸੇ ਇਕ ਧਾਰਮਿਕ ਸੰਸਥਾ ਜਾਂ ਡੇਰੇ ਦੇ ਖਾਲਸ ਹੋਣ ਦੀ ਆਸ ਰੱਖਣਾ ਵਿਅਰਥ ਹੈ। ਉਸ ਵਿਚ ਤਾਂ ਪਰਾਤਨ ਕਾਲ ਦੀਆਂ ਟਕਸਾਲੀ ਸੰਸਥਾਵਾਂ ਵੀ ਸਿਹਤਮੰਦ ਅਵਸਥਾ ਵਿਚ ਕਾਇਮ ਨਹੀਂ ਰਹਿ ਸਕਦੀਆਂ।

ਡੇਰਾ ਸਾਧਾਂ ਦੇ ਜਬਰ ਜਿਨਾਹਾਂ ਦੇ ਕਿੱਸਿਆਂ ਦੀ ਗਵਾਹੀ ਵਿਚ ਇਕ ਨਹੀਂ ਸਗੋਂ ਸਾਰੇ ਸਾਧ ਸੰਤ ਅਤੇ ਧਰਮਿਕ ਸੰਸਥਾਨਾਂ ਦੇ ਮੁਖੀ ਪਾਪਾਂ ਵਿਚ ਗ੍ਰਸਤੇ ਚਿੱਟ-ਕਪੜੀਏ ਜਾਂ ਭਗਮ-ਭੇਸੀਏ ਪਾਖੰਡੀ ਸਾਬਤ ਹੋਏ ਹਨ। ਚੰਗੇ ਉਹੀ ਹਨ ਜਿਹਨਾਂ ਨੂੰ ਹਾਲੇ ਛੇੜਿਆ ਨਹੀਂ ਗਿਆ। ਨਿਯਮ ਕਹਿੰਦਾ ਹੈ ਕਿ ਖੁਰੇਦਣ ਤੇ ਉਹ ਵੀ ਅਜਿਹੇ ਹੀ ਨਿਕਲਣਗੇ। ਹੁਣ ਤਾਂ ਇੰਜ ਲਗਦਾ ਹੈ ਕਿ ਡੇਰੇ ਤਾਂ ਬਣੇ ਹੀ ਸ਼ੋਸ਼ਣ ਲਈ ਹਨ ਜਿੱਥੇ ਧਰਮ ਤੇ ਮਜ਼ਬੂਰੀ ਦੀ ਆਡ ਵਿਚ ਭੋਲੇ ਭਾਲੇ ਸ਼ਰਧਾਲੂਆਂ ਦੀ ਇੱਜ਼ਤ ਆਬਰੂ ਨਾਲ ਖੇਡਿਆ ਜਾਂਦਾ ਹੈ ਤੇ ਉਹਨਾਂ ਦੀਆਂ ਵੋਟਾਂ ਦੀ ਤਜ਼ਾਰਤ ਕਰ ਕੇ ਉਹਨਾਂ ਨਾਲ ਸਿਆਸੀ ਛਲ-ਕਪਟ ਕੀਤਾ ਜਾਂਦਾ ਹੈ। ਇਹ ਸੰਸਥਾਵਾਂ ਨਾ ਕੇਵਲ ਸਮਾਜ ਦੀ ਨੈਤਿਕ ਅਧੋਗਤੀ ਦੀਆਂ ਸੂਚਕ ਹਨ ਸਗੋਂ ਦੇਸ਼ ਦੀ ਤੱਰਕੀ ਦੇ ਰਾਹ ਵਿਚ ਰੁਕਾਵਟ ਵੀ ਹਨ। ਭਾਵੇਂ ਇਹ ਲੋਕਾਂ ਨੂੰ ਰੁਹਾਨੀ ਸੇਧ ਦੇਣ ਤੇ ਸਮਾਜ ਸੇਵਾ ਕਰਨ ਦਾ ਢੌਂਗ ਵੀ ਰਚਣ, ਤਾਂ ਵੀ ਮੰਨ ਕੇ ਚਲਣਾ ਚਾਹੀਦਾ ਹੈ ਕਿ ਡੇਰਾ ਜਮਾਤ ਅੰਧਵਿਸ਼ਵਾਸ਼ ਫੈਲਾ ਕੇ ਸਮਾਜ ਤੇ ਨਾਕਾਰਾਤਮਿਕ ਪ੍ਰਭਾਵ ਪਾਉਂਦੀ ਹੈ। ਯੂਰਪ ਵਿਚ ਜਦੋਂ ਪੰਦ੍ਰਰਵੀਂ ਸਦੀ ਵਿਚ ਉਥੋਂ ਦੇ ਡੇਰਿਆਂ (Monasteries) ਵਿਚ ਅਜਿਹੀ ਗਿਰਾਵਟ ਆਈ ਸੀ ਤਾਂ ਉਹਨਾਂ ਨੇ ਸੁਧਾਰਵਾਦੀ ਲਹਿਰ (Reformation Movement) ਨਾਲ ਇਹਨਾਂ ਨੂੰ ਉਦੋਂ ਹੀ ਖਤਮ ਕਰ ਦਿਤਾ ਸੀ। ਉਸ ਮਹਾਂਦੀਪ ਦੀ ਉੱਨਤੀ ਦਾ ਸਿਹਰਾ ਇਸੇ ਲਹਿਰ ਦੇ ਸਿਰ ਮੰਨਿਆ ਜਾਂਦਾ ਹੈ। ਇਸ ਲਈ ਅਜੋਕਾ ਡੇਰਾ ਕਲਚਰ ਭਾਰਤੀ ਸਮਾਜ਼ ਦਾ ਕੈਂਸਰ ਹੈ ਅਤੇ ਮਾਨਵ ਤੱਰਕੀ ਦੇ ਹਿੱਤ ਵਿਚ ਇਸ ਨੂੰ ਇਕ ਪਾਸੇ ਕਰਨਾ ਚਾਹੀਦਾ ਹੈ।

ਇੱਥੇ ਗੱਲ ਡੇਰਿਆਂ ਨੂੰ ਅਚਨਚੇਤ ਤੇ ਹਿੰਸਾਤਮਿਕ ਢੰਗ ਨਾਲ ਖਤਮ ਕਰਨ ਦੀ ਨਹੀਂ ਸਗੋਂ ਇਹਨਾਂ ਦੇ ਕਾਰਜ ਖੇਤਰ ਨੂੰ ਕਾਨੂੰਨੀ ਘੇਰੇ ਵਿਚ ਲਿਆ ਕੇ ਨਿਯਮਿਤ ਤੇ ਸੀਮਤ ਕਰਨ ਦੀ ਹੈ। ਜਦੋਂ ਤੀਕਰ ਇਹ ਪਖੰਡ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦਾ ਉਦੋਂ ਤੀਕਰ ਸੰਵਿਧਾਨਿਕ ਉਪਾਅ ਵਰਤ ਕੇ ਲੋਕਾਂ ਦੀ ਸਿਹਤ ਸੁਰਖਿਆ ਦੇ ਹਿੱਤ ਵਿਚ ਇਹਨਾਂ ਦੀਆਂ ਗਤੀ ਵਿਧੀਆਂ ਤੇ ਰੋਕ ਲਗੀ ਰਹਿਣੀ ਚਾਹੀਦੀ ਹੈ। ਸਭ ਡੇਰਿਆਂ ਦੇ ਮੁਖੀਆਂ ਦੇ ਪਿਛੋਕੜ ਤੇ ਉਹਨਾਂ ਦੇ ਆਚਰਣ ਦੀ ਜਾਂਚ ਕਰਨੀ ਚਾਹੀਦੀ ਹੈ। ਲੋਕਾਂ ਨਾਲ ਰੁਹਾਨੀ ਸੰਪਰਕ ਬਣਾਉਣ ਵਾਲੇ ਸਭ ਧਾਰਮਿਕ ਅਦਾਰੇ ਤੇ ਡੇਰੇ ਸਰਕਾਰੀ ਤੌਰ ਤੇ ਰਜਿਸਟਰ ਹੋਣੇ ਚਾਹੀਦੇ ਹਨ। ਇਹਨਾਂ ਨੂੰ ਟਰਸਟਾਂ ਵਿਚ ਤਬਦੀਲ ਕਰਨਾ ਚਾਹੀਦਾ ਹੈ। ਇਹਨਾਂ ਦੇ ਸੰਚਾਲਨ ਲਈ ਪ੍ਰਬੰਧਕੀ ਮੰਡਲ ਹੋਣੇ ਚਾਹੀਦੇ ਹਨ ਜਿਹਨਾਂ ਵਿਚ ਕੁਝ ਸਰਕਾਰੀ ਨੁਮਾਇੰਦੇ ਵੀ ਹੋਣ ਜੋ ਇਹਨਾ ਦੀਆਂ ਮਨਮਰਜੀਆਂ ਦੀ ਸਰਕਾਰ ਨੂੰ ਜਾਣਕਾਰੀ ਦੇਣ। ਧਾਰਮਿਕ ਸੰਸਥਾਵਾਂ ਤੇ ਡੇਰਿਆਂ ਨੂੰ ਸਰਕਾਰ ਵਲੋਂ ਸਭ ਤਰ੍ਹਾਂ ਦੀ ਮਾਇਕ ਸਹਾਇਤਾ ਫੌਰੀ ਤੌਰ ਤੇ ਬੰਦ ਹੋਣੀ ਚਾਹੀਦੀ ਹੈ। ਇਹਨਾਂ ਦੇ ਚੜ੍ਹਾਵਿਆਂ ਦਾ ਅਧੁਨਿਕ ਢੰਗ ਨਾਲ ਹਿਸਾਬ ਕਿਤਾਬ ਰੱਖਿਆ ਜਾਣਾ ਚਾਹੀਦਾ ਹੈ ਜਿਸ ਦੀ ਜਾਂਚ ਕਿਸੇ ਚਾਰਟਰਡ ਸੰਸਥਾ ਤੋਂ ਲਾਜ਼ਮੀ ਤੌਰ ਤੇ ਕਰਵਾਈ ਜਾਣੀ ਚਾਹੀਦੀ ਹੈ। ਧਾਰਮਿਕ ਸੰਸਥਾਵਾਂ ਦੀ ਆਮਦਨ ਦੂਜੀਆਂ ਕਾਰਪੋਰੇਸ਼ਨਾਂ ਵਾਂਗ ਆਮਦਨ ਕਰ ਦੇ ਘੇਰੇ ਵਿਚ ਆਉਣੀ ਚਾਹੀਦੀ ਹੈ ਜਾਂ ਫਿਰ ਇਹਨਾਂ ਦੀ ਆਮਦਨ ਦਾ ਚੋਖਾ ਹਿੱਸਾ ਲੋਕ ਹਿੱਤ ਵਿਚ ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਵਾਇਆ ਜਾਣਾ ਚਾਹੀਦਾ ਹੈ। ਇਹਨਾਂ ਸੰਸਥਾਵਾਂ ਨੂੰ ਦਾਨ ਦੇਣ ਵਾਲਿਆਂ ਲਈ ਵੀ ਦਾਨ ਰਾਸ਼ੀ ਤੇ ਆਮਦਨ ਕਰ ਦੀ ਛੋਟ ਖਤਮ ਕਰ ਦੇਣੀ ਚਾਹੀਦੀ ਹੈ। ਇਹਨਾਂ ਉਪਚਾਰਾਂ ਤੋਂ ਹੋਣ ਵਾਲੇ ਲਾਭ ਨਾਲ ਸਰਕਾਰ ਆਪਣੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਵਿਸਥਾਰ ਨਾਲ ਚਲਾ ਸਕਦੀ ਹੈ। ਇਹਨਾਂ ਨਾਲ ਉਹ ਗਰੀਬ ਤੱਬਕਿਆਂ ਨੂੰ ਵਧੀਆ ਸਿੱਖਿਆ, ਸਿਹਤ-ਸਹੂਲਤਾਂ, ਰੁਜਗਾਰ ਦੇ ਮੌਕੇ ਤੇ ਪੈਨਸਨਾਂ ਆਦਿ ਦਾ ਪ੍ਰਬੰਧ ਕਰ ਸਕਦੀ ਹੈ ਤਾਂ ਜੋ ਮੁਹਤਾਜ ਲੋਕ ਡੇਰਿਆਂ ਪਿੱਛੇ ਨਾ ਜਾਣ।

ਧਰਮ ਨਿਰਪਖਤਾ ਨੂੰ ਮਜ਼ਬੂਤ ਕਰਨ ਲਈ ਸਕੂਲੀ ਸਿੱਖਿਆ ਤੇ ਫੌਰਨ ਜੋਰ ਦੇਣਾ ਬਣਦਾ ਹੈ। ਇਸ ਦਿਸ਼ਾ ਵਿਚ ਇਕ ਠੋਸ ਕਦਮ ਇਹ ਹੋਵੇਗਾ ਕਿ ਸਰਕਾਰ ਮੁੱਢਲੀ ਸਿਖਿਆ ਸਭ ਲਈ ਮੁਫਤ ਤੇ ਲਾਜ਼ਮੀ ਕਰੇ। ਇਸ ਦੇ ਨਾਲ ਹੀ ਸਕੂਲੀ ਸਲੇਬਸਾਂ ਵਿਚੋਂ ਧਾਰਮਿਕ ਤੇ ਸੰਪਰਦਾਇਕ ਸਿਖਿਆ ਮਨਫੀ ਕੀਤੀ ਜਾਵੇ ਤੇ ਇਸ ਦੀ ਥਾਂ ਵਿਗਿਆਨਕ ਤੇ ਤਕਨੀਕੀ ਸਿਖਿਆ ਸ਼ਾਮਲ ਕੀਤੀ ਜਾਵੇ। ਧਾਰਮਿਕ ਸੰਸਥਾਵਾਂ ਨਾਲ ਜੁੜੇ ਵਿਅਕਤੀਆਂ ਨੂੰ ਸਿੱਖਿਆ ਸਬੰਧੀ ਨੀਤੀਆਂ ਘੜਨ ਵਾਲੇ ਅਦਾਰਿਆਂ ਤੋਂ ਦੂਰ ਰੱਖਿਆ ਜਾਵੇ। ਸਕੂਲਾਂ ਕਾਲਜਾਂ ਵਿਚ ਧਾਰਮਿਕ ਨੇਤਾਵਾਂ ਦੇ ਭਾਸ਼ਣਾਂ ਦੀ ਮਨਾਹੀ ਹੋਵੇ। ਰਾਜਸੀ ਨੇਤਾਵਾਂ ਨੂੰ ਸਰਬਜਨਕ ਤੌਰ ਤੇ ਆਪਣਾ ਧਰਮ ਜਾਹਰ ਕਰਨ ਤੇ ਰੋਕ ਹੋਵੇ। ਜੇ ਕੋਈ ਰਾਜਸੀ ਨੇਤਾ ਆਪਣੇ ਕਾਰਜਕਾਲ ਵਿਚ ਸਰਨਜਨਕ ਰੂਪ ਵਿਚ ਕਿਸੇ ਧਰਮ ਅਸਥਾਨ ਜਾਂ ਡੇਰੇ ਤੇ ਜਾਂਦਾ ਹੈ ਤਾਂ ਉਸ ਨੂੰ ਉਸ ਦੇ ਅਹੁਦੇ ਤੋਂ ਹਟਾਏ ਜਾਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਸਭ ਨੂੰ ਆਪਣਾ ਧਰਮ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਤਾਂ ਹੋਣੀ ਚਾਹੀਦੀ ਹੈ ਪਰ ਕਿਸੇ ਦੀਆਂ ਧਾਰਮਿਕ ਮਾਨਤਾਵਾਂ ਨਾਲ ਸਿਖਿਆ ਤੇ ਰਾਜਨੀਤੀ ਪ੍ਰਭਾਵਤ ਨਹੀਂ ਹੋਣੀ ਚਾਹੀਦੇ। ਧਰਮ ਦੀ ਆਡ ਵਿਚ ਵੋਟਾਂ ਲੈਣ ਵਾਲੇ ਦਲਾਲਾਂ ਨੂੰ ਤੁਰੰਤ ਜੇਹਲ ਭੇਜਣ ਦਾ ਪ੍ਰਾਵਧਾਨ ਹੋਣਾ ਚਾਹੀਦਾ ਹੈ। ਧਰਮਿਕ ਕਾਰਜਾਂ ਨੂੰ ਨਿੰਜੀ ਤੇ ਵਿਅਕਤਿਗਤ ਕਾਰਜਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ਤੇ ਸਭ ਨਾਗਰਿਕ ਇਹਨਾਂ ਨੂੰ ਦੂਜੇ ਨਿਜੀ ਕਾਰਜਾਂ ਵਾਂਗ ਆਪਣੇ ਸਮੇਂ ਵਿਚ ਹੀ ਨਿਪਟਾਉਣ। ਇਹਨਾਂ ਕਾਰਜਾਂ ਨੂੰ ਕਰਨ ਲਈ ਸਰਕਾਰੀ ਛੁੱਟਆਂ ਦੇਣ ਦਾ ਰਿਵਾਜ਼ ਖਤਮ ਹੋਣਾ ਚਾਹੀਦਾ ਹੈ। ਜਿਹਨਾਂ ਨੂੰ ਆਪਣੀ ਸ਼ਰਧਾ ਪੂਰਨ ਲਈ ਵਾਧੂ ਸਮਾਂ ਚਾਹੀਦਾ ਹੋਵੇ ਉਹ ਨਿੱਜੀ ਛੁੱਟੀ ਲੈਣ। ਭਾਵ ਰਾਜਨੀਤੀ ਤੇ ਧਰਮ ਨੂੰ ਪੂਰੀ ਤਰ੍ਹਾਂ ਵੱਖ ਮੰਨਿਆ ਹੀ ਨਹੀਂ ਜਾਣਾ ਚਾਹੀਦਾ ਸਗੋਂ ਕਰ ਦੇਣਾ ਚਾਹੀਦਾ ਹੈ। ਧਾਰਮਿਕ ਅਦਾਰੇ ਦੂਜੇ ਸਭ ਅਦਾਰਿਆਂ ਦੀ ਤਰ੍ਹਾਂ ਰਾਜ ਦੇ ਅਧੀਨ ਹੋਣੇ ਚਾਹੀਦੇ ਹਨ। ਰਾਜ ਸਰਬਉੱਚ ਹੈ ਤੇ ਸਰਕਾਰ ਨੂੰ ਇਹ ਗੱਲ ਪੂਰੇ ਮਾਣ ਨਾਲ ਦਰਸਾਉਣੀ ਚਾਹੀਦੀ ਹੈ। ਧਰਮ ਨਿਰਪੇਖਤਾ ਦਾ ਭਾਵ ਸਭ ਧਰਮਾਂ ਤੋਂ ਪਰ੍ਹੇ ਰਹਿਣ ਦਾ ਹੈ ਨਾ ਕਿ ਸਭ ਧਰਮਾਂ ਨੂੰ ਬਰਾਬਰ ਮਾਣ ਦੇਣ ਦਾ। ਸਰਕਾਰ ਦੇ ਨੁਮਾਇੰਦੇ ਸਭ ਧਰਮਾਂ ਦੇ ਧਾਰਮਿਕ ਆਗੂਆਂ ਦੇ ਪਿੱਛੇ ਫਿਰਨ ਦੀ ਬਜਾਏ ਇਹਨਾਂ ਤੋਂ ਦੂਰੀ ਬਣਾ ਕੇ ਰੱਖਣ ਤਾਂ ਜੋ ਸਭ ਸਮੁਦਾਇਆਂ ਤੇ ਲੋਕਾਂ ਵਿਚ ਕਾਨੂੰਨ ਦੇ ਰਾਜ ਦੀ ਪ੍ਰਭੁਤਾ ਦਾ ਕਰੜਾ ਸੁਨੇਹਾ ਪਹੁੰਚੇ। ਮੰਨਿਆ ਕਿ ਇਹਨਾਂ ਵਿਚੋਂ ਕਈ ਗੱਲਾਂ ਦਾ ਸੰਵਿਧਾਨ ਵਿਚ ਅੱਗੇ ਹੀ ਵਿਸਥਾਰਪੂਰਵਕ ਜਿਕਰ ਹੈ ਪਰ ਲੋੜ ਜੋਰ ਦੇ ਕੇ ਅਮਲ ਕਰਨ ਦੀ ਹੈ, ਕੁਤਾਹੀ ਵਰਤਣ ਦੀ ਨਹੀਂ।

ਭਾਰਤੀ ਸੰਵਿਧਾਨ ਵਿਚ ਧਰਮ-ਨਿਰਪੱਖਤਾ ਦਾ ਸਿਧਾਂਤ ਰਾਜਤੰਤਰ ਤੇ ਧਰਮ ਵਿਚ ਵਿੱਥ ਬਨਾਉਣ ਦਾ ਮੰਤਵ ਰੱਖਦਾ ਹੈ। ਇਸ ਦਾ ਮਨੋਰਥ ਰਾਜਸੀ ਨੇਤਾਵਾਂ ਤੇ ਧਾਰਮਿਕ ਸੰਸਥਾਨਾਂ ਦੀ ਆਪਸੀ ਨਿਰਭਰਤਾ ਖਤਮ ਕਰਨਾ ਹੈ। ਸਭ ਅਧੁਨਿਕ ਲੋਕਤੰਤਰਾਂ ਵਿਚ ਇਸੇ ਗੱਲ ਨੂੰ ਆਧਾਰ ਬਣਾਇਆ ਗਿਆ ਹੈ। ਪਰ ਭਾਰਤ ਵਿਚ ਸਥਿੱਤੀ ਇਹ ਹੈ ਕਿ ਅਜੋਕਾ ਭਾਰਤੀ ਲੋਕਤੰਤਰ ਜਨ-ਹਿੱਤ ਵਿਚ ਨਹੀਂ ਸਗੋਂ ਡੇਰਾ ਨੁਮਾ ਕੁਝ ਇਕ ਧਾਰਮਿਕ ਸੰਪਰਦਾਵਾਂ ਦੇ ਹਿੱਤ ਵਿਚ ਚਲ ਰਿਹਾ ਹੈ। ਇਹ ਧਾਰਮਿਕ ਅਸਥਾਨ ਤੇ ਡੇਰੇ ਧਾਰਮਿਕ ਭਾਵਨਾਵਾਂ ਤਹਿਤ ਲੋਕਾਂ ਨੂੰ ਆਪਣੇ ਨਾਲ ਜੋੜਦੇ ਹਨ ਤੇ ਫਿਰ ਅਵੈਧ ਤੇ ਅਨੈਤਿਕ ਢੰਗ ਨਾਲ ਲੋਕਾਂ ਦੇ ਵਿਸ਼ਵਾਸ ਨੂੰ ਵੋਟ-ਬੈਂਕਾਂ ਵਿਚ ਤਬਦੀਲ ਕਰਕੇ ਇਹਨਾਂ ਨੂੰ ਰਾਜਸੀ ਸੌਦਿਆਂ ਰਾਹੀਂ ਰਾਜਨੀਤਕ ਪਾਰਟੀਆਂ ਅੱਗੇ ਪਰੋਸਦੇ ਹਨ। ਸੱਤਾ ਵਿਚ ਆਈਆਂ ਇਹਨਾਂ ਪਾਰਟੀਆਂ ਨੂੰ ਫਿਰ ਉਹ ਆਪਣੀਆਂ ਅਵੈਧ ਗਤੀ-ਵਿਧੀਆਂ ਭਾਵ ਪਾਪਾਂ ਤੇ ਜੁਰਮਾਂ ਨੂੰ ਕੱਜਣ ਲਈ ਵਰਤਦੇ ਹਨ। ਇਥੇ ਕਈ ਪ੍ਰਮੁੱਖ ਰਾਜਸੀ ਦਲ ਤਾਂ ਧਾਰਮਿਕ ਸੰਸਥਾਵਾਂ ਦੇ ਰਾਜਸੀ ਵਿੰਗ ਭਾਵ "ਰਾਜਸੀ ਬਾਜੂ" ਵਜੋਂ ਸਥਾਪਤ ਹੋਏ ਹੋਏ ਹਨ ਤੇ ਉਹ ਸੱਤਾ ਪ੍ਰਾਪਤੀ ਲਈ ਆਪਣੇ ਧਰਮ ਅਦਾਰਿਆਂ ਤੋਂ ਸਿੱਧੀ-ਅਸਿੱਧੀ ਹਰ ਸਹਾਇਤਾ ਪ੍ਰਾਪਤ ਕਰਦੇ ਹਨ। ਇਹ ਵਿਸ਼ੈਲਾ ਚੱਕਰ ਦਹਾਕਿਆਂ ਤੋਂ ਚਲ ਰਿਹਾ ਹੈ। ਹਾਲ ਦੀ ਘੜੀ ਕੋਈ ਤਾਕਤ ਨਜ਼ਰ ਨਹੀਂ ਆਉਂਦੀ ਜੋ ਅਖਾਉਤੀ ਧਰਮਾਂ ਤੇ ਰਾਜਨੀਤੀ ਦੇ ਇਸ ਗੈਰ ਜਮਹੂਰੀ ਸੰਬੰਧ ਨੂੰ ਤੋੜਨ ਦਾ ਦਮ ਭਰੇ। ਸੰਵਿਧਾਨ ਰਚੇਤਾ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਉਹਨਾਂ ਨੇ ਸੰਵਿਧਾਨ ਵਿਚ ਇਸ ਕੁਰੀਤੀ ਵਿਰੁਧ ਪੂਰਾ ਇੰਤਜ਼ਾਮ ਬਣਾਇਆ ਹੋਇਆ ਹੈ। ਉਹਨਾਂ ਨੇ ਪੀਪਲਜ਼ ਰਿਪਰੀਜ਼ੈਂਟੇਸ਼ਨ ਐਕਟ ਹੈ, ਚੋਣ ਕਮਿਸ਼ਨ ਹੈ ਤੇ ਅਦਾਲਤਾਂ ਦਾ ਗਠਨ ਕੀਤਾ। ਪਰ ਇਹਨਾਂ ਕਾਰਜਾਂ ਪ੍ਰਤੀ ਲੋਕ ਚੇਤਨਾ ਲਗ-ਭਗ ਅਲੋਪ ਹੋ ਚੁੱਕੀ ਹੈ। ਇਹਨਾਂ ਉਪਾਵਾਂ ਨੂੰ ਮੁੜ ਸੁਰਜੀਤ ਕਰਕੇ ਅਸਰਦਾਰ ਢੰਗ ਨਾਲ ਵਰਤਣ ਲਈ ਜਾਗਰੂਕ ਲੋਕਾਂ ਦੀਆਂ ਸਭ ਪੀਹੜੀਆਂ ਤੇ ਸਭ ਜਮਾਤਾਂ ਨੂੰ ਅੱਗੇ ਆਉਣਾ ਚਾਹੀਦਾ ਹੈ।



ਸਿਰਸਾ ਡੇਰਾ ਕਾਂਡ ਦੇ ਸਬੰਧ ਵਿਚ ਸਰਕਾਰ ਵਲੋਂ ਕੁਝ ਹੋਰ ਗੱਲਾਂ ਵੀ ਕਰਨ ਵਾਲੀਆਂ ਹਨ। ਜਿਹਨਾਂ ਸਾਧੂ, ਸਾਧਨੀਆਂ ਜਾਂ ਹੋਰ ਲੋਕਾਂ ਤੇ ਗੈਰ-ਮੱਨੁਖੀ ਜੁਲਮ ਹੋਏ ਹਨ ਜਾਂ ਜਿਹਨਾ ਦੀਆਂ ਭਾਵਨਾਵਾਂ ਨਾਲ ਖਿਲਵਾੜ ਹੋਇਆ ਹੈ ਜਾਂ ਜਿਹਨਾਂ ਨਾਲ ਸਿਧਾ-ਅਸਿੱਧਾ ਕੋਈ ਧੋਖਾ ਹੋਇਆ ਹੈ, ਸਰਕਾਰ ਉਹਨਾਂ ਸਭਨਾਂ ਨੂੰ ਡੇਰੇ ਦੀ ਜਾਇਦਾਦ ਚੋਂ ਮੁਆਵਜਾ ਦਿਵਾਏ। ਡੇਰੇ ਤੋਂ ਬਾਹਰ ਉਹਨਾਂ ਦਾ ਮੁੜ ਵਸੇਬਾ ਕਰਨ ਦੀ ਸਾਰੀ ਜਿੰਮੇਵਾਰੀ ਡੇਰੇ ਦੀ ਹੈ ਜਿਸ ਨੇ ਸਾਲਾਂ-ਬੱਧੀ ਉਹਨਾਂ ਦੇ ਜੀਵਨ ਨੂੰ ਨਿਚੋੜਿਆ ਹੈ। ਇਸ ਕੰਮ ਲਈ ਇਕ ਸ਼ਕਤੀਸ਼ਾਲੀ ਕਮਿਸ਼ਨ ਸਥਾਪਤ ਕਰਨਾ ਚਾਹੀਦਾ ਹੈ। ਕਾਰਣ ਇਹ ਹੈ ਕਿ ਸ਼ਰਧਾਲੂ ਡੇਰੇ ਨਾਲ ਸ਼ਰਧਾ ਭਾਵ ਨਾਲ ਜੁੜੇ ਸਨ, ਜੁਰਮ ਭਾਵਨਾ ਨਾਲ ਨਹੀਂ। ਉਹਨਾਂ ਨੂੰ ਗੁਮਰਾਹ ਕਰਕੇ ਉਹਨਾਂ ਦੀ ਮਾਇਕ ਹਾਨੀ ਤੇ ਸਮੇਂ ਦੀ ਬਰਬਾਦੀ ਕੀਤੀ ਗਈ ਹੈ। ਉਹਨਾਂ ਨੂੰ ਜੇਲ੍ਹ ਜਿਹੇ ਵਾਤਾਵਰਨ ਵਿਚ ਰੱਖ ਕੇ ਉਹਨਾਂ ਦੀਆਂ ਮਨੋਵਿਗਿਆਨਕ ਭਾਵਨਾਵਾਂ ਤੇ ਸੂਖਮ ਸੋਚਾਂ ਨੂੰ ਕੁਚਲਿਆ ਗਿਆ। ਇਹਨਾਂ ਦੇ ਇਵਜ਼ ਵਿਚ ਉਹਨਾਂ ਨੂੰ ਮੁਆਵਜਾ ਦੇਣਾ ਹੀ ਬਣਦਾ ਹੈ।

ਨਿਆਂਪਾਲਿਕਾ ਦੇਸ਼ ਦੇ ਸੰਵਿਧਾਨ ਵਲੋਂ ਹਮੇਸ਼ਾ ਹੀ ਸਰਕਾਰ ਦਾ ਸਨਮਾਨਯੋਗ ਅੰਗ ਸਮਝੀ ਗਈ ਹੈ ਪਰ ਇਸ ਡੇਰੇ ਦੇ ਕੇਸ ਵਿਚ ਤਾਂ ਇਸ ਨੇ ਬਹੁਤ ਹੀ ਸੁਲਝੀ ਤੇ ਸ਼ਲਾਘਾ ਯੋਗ ਭੂਮਿਕਾ ਨਿਭਾਈ ਹੈ। ਇਸ ਨਾਲ ਦੇਸ਼ ਨੂੰ ਘੋਰ ਹਨੇਰੇ ਵਿਚ ਵੀ ਚਾਨਣ ਦੀ ਇਕ ਅਜੇਹੀ ਕਿਰਣ ਦਿਖਾਈ ਦਿਤੀ ਹੈ ਜਿਸ ਤੇ ਭਰੋਸੇ ਨਾਲ ਟੇਕ ਰੱਖੀ ਜਾ ਸਕਦੀ ਹੈ। ਅਜੋਕੇ ਰਾਜਸੀ ਢਾਂਚੇ ਵਿਚ ਇਹੀ ਇਕ ਸੰਵਿਧਾਨਿਕ ਅੰਗ ਹੈ ਜਿਸ ਨੇ "ਕਾਨੂੰਨ ਦੇ ਸ਼ਾਸ਼ਨ" ਦਾ ਪੱਖ ਪੂਰਿਆ ਹੈ ਤੇ ਦੇਸ਼ ਨੂੰ ਸਹੀ ਜਮਹੂਰੀ ਸੇਧ ਦਿਤੀ ਹੈ।

ਭਾਵੇਂ ਇਸ ਦੀ ਭੂਮਿਕਾ ਅਤੀਉੱਤਮ ਤੇ ਸ਼ਲਾਘਾਯੋਗ ਰਹੀ ਹੈ ਤਾਂ ਵੀ ਇਹ ਉਸਤਤ-ਨਿੰਦਾ ਤੋਂ ਉੱਪਰ ਹੈ। ਕਿਉਂਕਿ ਇਸ ਨੇ ਅਗੋਂ ਤੋਂ ਵੀ ਨਿਆਇਕ ਸਰਬਉਚਤਾ ਤੇ ਸੰਵਿਧਾਨਿਕ ਸੁਰਖਿਆ ਲਈ ਨਿਰਪੱਖ ਕੰਮ ਕਰਨਾ ਹੈ ਇਸ ਲਈ ਇਸ ਦੇ ਜੱਜਾਂ ਨੂੰ ਨਿਖੇੜ ਕੇ ਲੋਕ ਪ੍ਰਸੰਸਾ ਦਾ ਵਿਸ਼ਾ ਨਹੀਂ ਬਣਾਇਆ ਜਾਣਾ ਚਾਹੀਦਾ। ਸਮੂਚੀ ਨਿਆਂਪਾਲਿਕਾ ਹੀ ਭਰੋਸੇ ਤੇ ਸਨਮਾਨ ਦੀ ਪਾਤਰ ਹੈ ਤੇ ਇਸ ਨੂੰ ਇਵੇਂ ਹੀ ਸਮਝਣਾ ਚਾਹੀਦਾ ਹੈ।

ਜਿਹਨਾਂ ਲੋਕਾਂ ਨੇ ਸਿਰਸਾ ਸਾਧ ਦੇ ਧਾਰਮਿਕ ਪਖੰਡ ਤੇ ਸ਼ੋਸ਼ਣਗਾਹ ਦਾ ਪਰਦਾ ਫਾਸ਼ ਕਰਕੇ ਦੋਸ਼ੀਆਂ ਨੂੰ ਕਾਨੂੰਨ ਹਵਾਲੇ ਕਰਵਾਇਆ ਹੈ ਉਹਨਾਂ ਨੂੰ ਰਾਸ਼ਟਰੀ ਸਨਮਾਨ ਮਿਲਣਾ ਚਾਹੀਦਾ ਹੈ। ਇਹਨਾਂ ਵਿਚ ਦੋ ਸਧਵੀਆਂ, ਮਰਹੂਮ ਰਣਜੀਤ ਸਿੰਘ, ਮਰਹੂਮ ਪੱਤਰਕਾਰ ਛਤਰਪਤੀ, ਸੀ ਬੀ ਆਈ ਅਫਸਰ ਸਾਹਿਬਾਨ, ਡੇਰਾ-ਸਾਧ ਦਾ ਡਰਾਈਵਰ ਖੱਟਾ ਸਿੰਘ, ਹਨੀਪ੍ਰੀਤ ਦਾ ਤਲਾਕਸ਼ੁਦਾ ਪਤੀ ਪ੍ਰਕਾਸ਼, ਤੇ ਹੋਰ ਸਭ ਵਿਆਕਤੀ ਜਿਹਨਾਂ ਨੇ ਨਿਧੜਕ ਹੋ ਕੇ ਇਨਸਾਫ ਦੀ ਲੜਾਈ ਲੜੀ ਹੈ, ਨੂੰ ਢੁੱਕਵੇਂ ਕੌਮੀ ਪੁਰਸਕਾਰਾਂ ਨਾਲ ਸਨਮਾਨਿਤ ਕਰਨਾ ਚਾਹੀਦਾ ਹੈ। ਜੇ ਜ਼ੁਲਮ ਦਾ ਸ਼ਿਕਾਰ ਹੋਈ ਪਾਕਿਸਤਾਨੀ ਬਹਾਦਰ ਲੜਕੀ ਮਲਾਲਾ ਨੋਬਲ ਪ੍ਰਾਇਜ਼ ਲੈ ਕੇ ਸੰਸਾਰਕ ਸ਼ਾਂਤੀ ਦੀ ਅਲੰਬਰਦਾਰ ਬਣ ਸਕਦੀ ਹੈ ਤਾਂ ਡੇਰਾ ਸਾਧ ਦੇ ਜੁਲਮ ਦਾ ਟਾਕਰਾ ਕਰਨ ਵਾਲੀ ਦਲੇਰ ਸਾਧਵੀ ਦੇਸ਼ ਦੇ ਕੌਮੀ ਸਨਮਾਨ ਦੀ ਅਧਿਕਾਰਨ ਕਿਉਂ ਨਹੀਂ ਬਣ ਸਕਦੀ? ਭਾਵ ਜਬਰ ਖਿਲਾਫ ਲੜਨ ਵਾਲੇ ਤੇ ਆਪਣੇ ਫਰਜ ਪੂਰੇ ਕਰਨ ਵਾਲੇ ਇਹ ਸਾਰੇ ਵਿਅਕਤੀ ਅੱਜ ਦੇ ਜ਼ਮਾਨੇ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ ਦੇ ਹੀ ਝੰਡਾ-ਬਰਦਾਰ ਹਨ ਤੇ ਅਸਲ ਜੀਵਨ ਦੇ ਨਾਇਕ ਹਨ। ਇਹਨਾਂ ਵਿਚ ਸੀ ਬੀ ਆਈ ਤੇ ਹਾਈਕੋਰਟ ਦੇ ਜੱਜ ਵੀ ਸ਼ਾਮਲ ਹਨ ਜਿਹਨਾਂ ਦੀ ਨਿਡਰ ਤੇ ਮਿਸਾਲੀ ਭੂਮਿਕਾ ਦੀ ਸਮੂਹਿਕ ਤੌਰ ਤੇ ਸ਼ਲਾਘਾ ਹੋਣੀ ਚਾਹੀਦੀ ਹੈ।

ਸਭ ਪਾਸਿਆਂ ਤੋਂ ਅਜਿਹੇ ਸੂਚਕ ਆਏ ਹਨ ਜਿਹਨਾਂ ਤੋਂ ਪਤਾ ਚਲਦਾ ਹੈ ਕਿ ਸਮਾਜਿਕ ਤੌਰ ਤੇ ਪੱਛੜੇ ਹੋਏ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਹੀ ਬਹੁਤੇ ਅੰਨੀ ਸ਼ਰਧਾ ਵਸ ਡੇਰਿਆਂ ਦੇ ਸ਼ਰਧਾਲੂ ਬਣਦੇ ਹਨ। ਡੇਰਿਆਂ ਦੇ ਪਾਖੰਡੀ ਮਾਲਕ, ਅਖਾਉਤੀ ਸਾਧ ਜਾਂ ਬਾਬੇ ਉਹਨਾਂ ਦੀਆਂ ਮਜ਼ਬੂਰੀਆਂ ਭਾਂਪ ਕੇ ਉਹਨਾਂ ਦੇ ਕਲਿਆਣ ਦਾ ਝਾਂਸਾ ਦੇਂਦੇ ਹਨ। ਇਸ ਲਈ ਉੱਚ-ਵਰਗੀ ਸਮਾਜਿਕ ਸ਼੍ਰੇਣੀਆਂ ਦੇ ਧਕੇਲੇ ਤੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਤੋਂ ਬੇਵਸ ਸ਼ਰਧਾਲੂ ਉਹਨਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣ ਜਾਂਦੇ ਹਨ। ਕਿਆਸ ਨਹੀਂ ਸੱਚ ਹੀ ਹੈ ਕਿ ਜੇ ਸਰਕਾਰ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਨੂੰ ਭਲੀ ਭਾਂਤ ਲਾਗੂ ਕਰ ਕੇ ਲੋਕਾਂ ਦਾ ਜੀਵਨ-ਪੱਧਰ ਉੱਚਾ ਚੁੱਕਣ ਦਾ ਉਪਰਾਲਾ ਕਰਦੀ ਤਾਂ ਅਜਿਹੀ ਨੌਬਤ ਨਾ ਆਉਂਦੀ। ਹੁਣ ਵੀ ਵਕਤ ਹੈ ਕਿ ਕੇਂਦਰੀ ਸਰਕਾਰ ਤੇ ਰਾਜ ਸਰਕਾਰਾਂ ਆਪਣੇ ਆਪਣੇ ਵਾਹ-ਵਸੀਲੇ ਲਾ ਕੇ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਭ ਲਈ ਸਮਾਨ, ਮੁਫਤ ਤੇ ਲਾਜ਼ਮੀ ਸਿਖਿਆ ਦਾ ਪ੍ਰਬੰਧ ਕਰਨ।

ਇਸ ਤੋਂ ਇਲਾਵਾ ਲੋੜਵੰਦ ਵਰਗਾਂ ਦੀਆਂ ਮਕਾਨ, ਰੋਜ਼ਗਾਰ ਤੇ ਸਿਹਤ ਸੁਰਖਿਆ ਸਬੰਧੀ ਬੁਨਿਆਦੀ ਜਰੂਰਤਾਂ ਪੂਰਿਆਂ ਕਰਨ। ਸਭ ਨੂੰ ਮਾਣ ਭਰਿਆ ਜੀਵਨ ਦੇਣ ਲਈ ਸਰਕਾਰਾਂ ਨਾਗਰਿਕਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਤੇ ਹਮਾਇਤ ਦਾ ਮਾਹੌਲ ਸਿਰਜਨ। ਜਨ-ਸੰਖਿਆ ਸੀਮਿਤ ਕਰਨ ਲਈ ਜਰੂਰੀ ਤੇ ਠੋਸ ਕਦਮ ਚੁੱਕਣ। ਔਰਤਾਂ ਦੀ ਮਰਦਾਂ ਨਾਲ ਸਮਾਨਤਾ ਯਕੀਨੀ ਬਨਾਉਣ ਤੇ ਉਹਨਾਂ ਪ੍ਰਤੀ ਜੁਲਮ-ਵਧੀਕੀਆਂ ਨੂੰ ਰੋਕਣ ਦੇ ਭਰਪੂਰ ਯਤਨ ਕਰਨ। ਸਭ ਸਰਕਾਰਾਂ ਹਰ ਤਰ੍ਹਾਂ ਦੇ ਭ੍ਰਿਸਟਾਚਾਰ ਨੂੰ ਖਤਮ ਕਰਨ ਲਈ ਕੌਮੀ ਮੁਹਿੰਮ ਚਲਾਉਣ।

ਇਹਨਾਂ ਸਭ ਗੱਲਾਂ ਦੇ ਨਾਲ ਨਾਲ, ਸਗੋਂ ਇਹਨਾਂ ਤੋਂ ਵੀ ਪਹਿਲਾਂ, ਸਰਕਾਰਾਂ ਪ੍ਰਸਾਰ ਦੇ ਸਭ ਮਾਧਿਅਮਾਂ ਰਾਹੀ ਅੰਧ-ਵਿਸ਼ਵਾਸ ਤੇ ਦਕੀਆਨੂਸੀ ਸੋਚ ਨੂੰ ਦਰ-ਕਿਨਾਰੇ ਕਰ ਕੇ ਵਿਗਿਆਨਕ ਸੋਚ ਫੈਲਾਉਣ ਦਾ ਸੰਵਿਧਾਨਿਕ ਫਰਜ਼ ਵੀ ਪੂਰਾ ਕਰਨ। ਜੇ ਇੰਨਾ ਵੀ ਨਾ ਕਰ ਸਕਣ ਤਾਂ ਘਟੋ ਘੱਟ ਗੁਰੂ ਨਾਨਕ ਦੇਵ ਦੇ ਜਪੁਜੀ ਸਾਹਿਬ ਦੇ ਵਿਗਿਆਨਕ (ਭਾਵ ਵਿਗਿਆਨਕ) ਅਨੁਵਾਦ ਵਾਲਾ ਕੋਈ ਟੀਕਾ ਸਭ ਸਿਖਿਆ ਸੰਸਥਾਵਾਂ ਵਿਚ ਪੜਾਇਆ ਜਾਣਾ ਲਾਜ਼ਮੀ ਕਰ ਦੇਣ ਤਾਂ ਜੋ ਇਸ ਦੇ ਚਾਨਣ ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿਚ ਅੰਧਵਿਸ਼ਵਾਸ਼ ਫੈਲਣੋ ਰੁਕ ਜਾਵੇ। ਜੇ ਉਪਰੋਕਤ ਕੁਝ ਵੀ ਨਾ ਕੀਤਾ ਗਿਆ ਤਾਂ ਇਕ ਆਮ ਭਾਰਤੀ ਨਾਗਰਿਕ ਸ਼ਾਇਦ ਭਵਿੱਖ ਵਿਚ ਸਿਰ ਚੁੱਕ ਕੇ ਜੀਊਣ ਦੀ ਉਮੀਦ ਨਾ ਕਰ ਸਕੇ।

# ਸੇਵਾ ਦੇ ਪੁੰਜ ਭਾਈ ਘਨਈਆ ਜੀ



ਨਵਜੋਤ ਬਜਾਜ (ਗੱਗੂ)
91-98721-02614



ਦਇਆਵਾਨ ਤੇ ਸਾਂਝੀ ਵਾਲਤਾ ਦੇ ਪ੍ਰਤੀਕ ਭਾਈ ਘਨਈਆ ਜੀ ਦਾ ਜਨਮ ਸੰਨ 1648 ਚ' ਪਾਕਿਸਤਾਨ ਦੇ ਜਿਲ੍ਹਾ ਸਿਆਲਕੋਟ ਦੇ ਪਿੰਡ ਸੋਦਾਰਾ ਵਿਖੇ ਮਾਤਾ ਸੁੰਦਰੀ ਜੀ ਅਤੇ ਪਿਤਾ ਨੱਥੂ ਰਾਮ ਦੇ ਗ੍ਰਹਿ ਵਿਖੇ ਹੋਇਆ।ਆਪ ਜੀ ਨੇ ਬਚਪਨ ਤੋ ਹੀ ਮਨੁੱਖਤਾ ਦੀ ਸੇਵਾ ਨੂੰ ਉੱਤਮ ਕਾਰਜ ਮੰਨਿਆ। ਗਰੀਬਾਂ, ਬੇਸਹਾਰਿਆਂ ਤੇ ਹੋ ਕਿਸੇ ਵੀ ਤਰਾਂ ਦੀ ਕਰੋਪੀ ਦੇ ਸ਼ਿਕਾਰ ਲੋਕਾਂ ਦੀ ਭਲਾਈ ਕਰਨਾ ਆਪ ਜੀ ਨੇ ਆਪਣਾ ਫਰਜ਼ ਸਮਝਿਆ ।ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਲੋਕ ਹਿੱਤਾਂ ਨਾਲ ਜੋੜ ਕੇ ਵੇਖਣ ਦੀ ਦ੍ਰਿਸ਼ਟੀ ਨੂੰ ਸਭ ਤੋ ਵੱਧ ਉਜਾਗਰ ਕੀਤਾ। ਲੋੜਵੰਦਾਂ ਦੀ ਸੇਵਾ ਨੂੰ ਆਪਣਾ ਕਰਮ-ਧਰਮ ਮੰਨਦੇ ਹੋਏ ਉਨ੍ਹਾਂ ਲੋਕਾਂ ਵਿੱਚ ਆਪਸੀ ਪ੍ਰੇਮ-ਪਿਆਰ, ਸਮਾਨਤਾ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨਾਮ ਜਪਣ ਦੇ ਨਾਲ, ਕਿਰਤ ਕਰਨ, ਵੰਡ ਕੇ ਛਕਣ, ਕਿਰਤੀਆਂ ਅਤੇ ਕਿਰਤ ਫਲ ਨਾਲ ਲੋੜ ਵੰਦਾਂ ਦੀ ਸਹਾਇਤਾ ਅਤੇ ਹੱਥੀ ਸੇਵਾ ਦਾ ਸਿਧਾਂਤ ਕੁਲ ਖਲਕਤ ਨੂੰ ਦਿੱਤਾ। ਗੁਰੂ ਘਰ ਦੇ ਸੱਚੇ ਸੇਵਕ ਭਾਈ ਘਨਈਆ ਜੀ ਦੇ ਦਸਮ ਪਿਤਾ ਅਤੇ ਮੁਗਲਾਂ ਤੇ ਪਹਾੜੀ ਹਿੰਦੂ ਰਾਜਿਆ ਦਰਮਿਆਨ ਹੋਈਆ ਜੰਗਾਂ ਵਿੱਚ ਸਿੱਖਾਂ ਦੇ ਨਾਲ ਨਾਲ ਵੈਰੀ ਦਲ ਨੂੰ ਪਾਣੀ ਪਿਲਾ ਕੇ ਅਤੇ ਜ਼ਖਮੀਆਂ ਦੀ ਮੱਲਮ ਪੱਟੀ ਕਰਕੇ ਮਨੁੱਖੀ ਸੇਵਾ ਦੀ ਸਹੀ ਪਰਿਭਾਸ਼ਾ ਦੁਨੀਆ ਸਾਹਮਣੇ ਪੇਸ਼ ਕੀਤੀ। ਜੋ ਕਿ ਇੱਕ ਤਰਾਂ ਨਾਲ ਰੈਡ ਕਰਾਸ ਲਹਿਰ ਦਾ ਮੁੱਢ ਹੀ ਸੀ।

ਪੁਰਾਤਨ ਇਤਿਹਾਸ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਪਿਤਾ ਜੀ ਦੀ ਸ਼ਹਾਦਤ ਤੋ ਬਾਅਦ ਸਾਰੇ ਸਿੱਖਾਂ ਨੂੰ ਆਪਣੇ ਪਾਸ ਬੁਲਾਇਆ ਤਾਂ ਆਪ ਵੀ ਗੁਰੂ ਜੀ ਕੋਲ ਪਹੁੰਚ ਗਏ ਤੇ ਗੁਰੂ ਜੀ ਦੇ ਕਹਿਣ ਤੇ ਪਾਣੀ ਦੀਆਂ ਮਸ਼ਕਾ ਭਰ-ਭਰ ਕੇ ਪਿਆਸਿਆਂ ਦੀ ਪਿਆਸ ਬੁਝਾਉਂਦੇ ਰਹੇ। ਆਪ ਅਨੰਦਪੁਰ ਸਾਹਿਬ ਤੋ ਪਾਉਂਟਾ ਸਾਹਿਬ ਗੁਰੂ ਜੀ ਦੇ ਨਾਲ ਹੀ ਚਲੇ ਗਏ। ਉਥੇ ਜਦ ਜੰਗਾਂ-ਯੁੱਧਾਂ ਦਾ ਚੱਕਰ ਚੱਲ ਪਿਆ ਤਾਂ ਆਪ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ ।ਆਪ ਆਪਣੇ ਖੱਬੇ ਵਿੱਚ ਚਿੱਟ ਝੰਡਾ ਤੇ ਚਿੱਟੇ ਬਸਤਰ ਪਹਿਨ ਕੇ ਬਿਨਾਂ ਵਿਤਕਰੇ ਦੇ ਪਾਣੀ ਪਿਲਾਈ ਜਾਂਦੇ।ਜਦ ਸਿੱਖਾਂ ਨੇ ਦੇਖਿਆ ਕਿ ਭਾਈ ਘਨਈਆ ਸਾਡੇ ਨਾਲ ਨਾਲ ਵੈਰੀਆ ਨੂੰ ਪਾਣੀ ਪਿਲਾਈ

ਜਾਂਦੇ ਹਨ, ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਲੱਗਦਾ ਹੈ ਕਿ ਇਨ੍ਹਾਂ ਨੂੰ ਵੈਰੀਆਂ ਨੇ ਖਰੀਦ ਲਿਆ ਹੈ।ਇਸ ਦੀ ਸ਼ਿਕ-ਾਇਤ ਸਿੱਖਾ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਕੀਤੀ।ਗੁਰੂ ਜੀ ਦੇ ਪੁੱਛਣ ਤੇ ਭਾਈ ਘਨਈਆ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕੇ ਹੇ ਪਾਤਸ਼ਾਹ, ਮੈ ਕਿਸੇ ਹਿੰਦੂ ਜਾਂ ਮੁਸਲਮਾਨ ਨੂੰ ਪਾਣੀ ਨਹੀਂ ਪਿਲਾਉਦਾ, ਮੈ ਤਾਂ ਹਰ ਥਾਂਵੇ ਆਪ ਜੀ ਦਾ ਹੀ ਰੂਪ ਵੇਖਦਾ ਹਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ ਹੋ ਕੇ ਮਲ੍ਹਮ ਦੀ ਡੱਬੀ ਤੇ ਪੱਟੀ ਵੀ ਨਾਲ ਦੇ ਦਿੱਤੀ ਤੇ ਹੁਕਮ ਕੀਤਾ ਕਿ ਭਾਈ ਘਨਈਆ ਜੀ ਅੱਜ ਤੋ ਮਲ੍ਹਮ ਪੱਟੀ ਦੀ ਸੇਵਾ ਵੀ ਸੰਭਾਲ ਲਓ ਤੇ ਪਾਣੀ ਪਿਲਾਉਣ ਦੇ ਨਾਲ ਜ਼ਖਮੀਆਂ ਦੇ ਮਲ੍ਹਮ ਪੱਟੀ ਵੀ ਕਰ ਦਿਆ ਕਰੋ। ਜੇਕਰ ਅੱਜ ਰੈੱਡ ਕਰਾਸ ਦਾ ਅਸਲ ਜਨਮਦਾਤਾ ਭਾਈ ਘਨਈਆ ਜੀ ਨੂੰ ਕਿਹਾ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਸੰਨ 1704 ਈ. ਵਿੱਚ ਜਦ ਗੁਰੂ ਜੀ ਨੇ ਆਨ-ੰਦਪੁਰ ਛੱਡਿਆ ਤਾਂ ਆਪ ਜੀ ਫਿਰ ਉਰਾਕਵ੍ਹੇ ਪਿੰਡ ਆ ਗਏ।

ਭਾਈ ਘਨਈਆ ਜੀ ਨੇ ਆਪਣੇ ਪਿਆਰੇ ਸਿੱਖ ਬਣ ਗਏ ਸਨ। ਗੁਰੂ ਜੀ ਆਪਣੇ ਪਿਆਰੇ ਸਿੱਖਾਂ ਦੀ ਆਪ ਰੱਖਿਆ ਕਰਦੇ ਸਨ। ਸੰਨ 1712 ਈ. ਦੀ ਗੱਲ ਹੈ ਕਿ ਭਾਈ ਘਨ੍ਹਈਆ ਜੀ ਵੈਰੀਆ ਦੇ ਚੁੰਗਲ ਵਿੱਚ ਫਸ ਗਏ। ਇੱਕ ਸੈਨਿਕ ਭਾਈ ਸਾਹਿਬ ਤੇ ਹੱਥ ਚੁੱਕਣ ਲੱਗਾ ਤਾਂ ਉਸਦਾ ਹੱਥ ਉਥੇ ਹੀ ਰੁਕ ਗਿਆ ਤੇ ਉਨ੍ਹਾਂ ਨੂੰ ਭਾਈ ਘਨ੍ਹਈਆ ਜੀ ਇਕੱਲੇ ਨਹੀਂ ਸਗੋਂ ਭਾਈ ਸਾਹਿਬ ਦੇ ਪਿੱਛੋਂ ਫੌਜਾਂ ਦਾ ਲਕਸ਼ਰ ਦਿਖਾਈ ਦਿੱਤਾ ਤੇ ਉਹ ਉਥੋਂ ਡਰਦੇ ਨੱਸ ਗਏ। ਸੇਵਾ ਤੇ ਸਿਮਰਨ ਦੀ ਮੂਰਤੀ ਭਾਈ ਘਨਈਆ ਜੀ ਨਾਮ ਬਾਣੀ ਦੇ ਰਸੀਏ ਸਨ। ਆਪ ਅੰਤ ਸਮਾ ਨੇੜੇ ਆਇਆ ਜਾਣ ਕੇ 1718 ਵਿੱਚ ਉਰਾਕਵ੍ਹੇ ਵਿੱਚ ਰੋਜ਼ਾਨਾ ਹੀ ਕੀਰਤਨ ਸੁਣਦੇ ਰਹਿੰਦੇ ਸਨ। ਅੰਤਲੇ ਸਮੇਂ ਵੀ ਆਪ ਥੰਮ੍ਹ ਟਾਲ ਢੋਹ ਆ ਕੇ ਕੀਰਤਨ ਸੁਣ ਰਹੇ ਸਨ। 20 ਸਤੰਬਰ ਸੰਨ 1718 ਈ. ਨੂੰ ਕੀਰਤਨ ਦੀ ਸਮਾਪਤੀ ਤੇ ਵੀ ਜਦ ਆਪ ਦੀ ਸਮਾਧੀ ਨਾ ਖੁੱਲ੍ਹੀ ਤਾਂ ਸੰਗਤਾਂ ਦੇ ਹਿਲਾਉਣ ਦੇ ਪਤਾ ਲੱਗਾ ਕਿ ਆਪ ਸੱਚਖੰਡ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।

ਅੱਜ ਸੇਵਾ ਅਸਥਾਨ ਭਾਈ ਘਨਈਆ ਜੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਅਤੇ ਪੂਰੇ ਦੇਸ਼ ਅੰਦਰ ਵੱਖ-ਵੱਖ ਸੰਸਥਾਵਾਂ ਵੱਲੋ ਹਰ ਸਾਲ 20 ਸਤੰਬਰ ਨੂੰ ਇਹਨਾਂ ਦੀ ਬਰਸੀ ਬੜੀ ਸ਼ਰਧਾ ਨਾਲ ਮਨਾਈ ਜਾਂਦੀ ਹੈ।

# ਪੱਤਰਕਾਰੀ ਦੀ ਕਾਰ ਵੀ ਬਹੁਤ ਔਖੀ ..!



ਗੁਰਿੰਦਰਜੀਤ ਸਿੰਘ
"ਨੀਟਾ ਮਾਛੀਕੇ"
559-333-5776

ਪੱਤਰਕਾਰਤਾ ਦੇ ਖੇਤਰ ਵਿੱਚ ਵਿਚਰਦਿਆਂ ਬਹੁਤ ਕੁਝ ਸਿੱਖਣ, ਸੋਚਣ ਤੇ ਸਮਝਣ ਨੂੰ ਮਿਲਿਆ। ਜੇ ਤਾਂ ਸਹੀਂ ਪੱਤਰਕਾਰੀ ਕਰਨੀਂ ਹੈ ਫਿਰ ਇਹ ਕੰਡਿਆਂ ਭਰਿਆ ਰਸਤਾ ਹੈ ਅਗਰ ਚਾਪਲੂਸੀ ਕਰਨੀਂ ਹੈ ਫੇਰ ਹਰੇਕ ਥਾਂ ਤੁਹਾਡੀ ਸਰਦਾਰੀ ਵੀ ਕਾਇਮ ਰਹੇਗੀ ਤੇ ਨਾਂਵਾਂ ਵੀ ਚੰਗਾ ਬਣੇਗਾ। ਜਿਹੜੇ ਵੀ ਪੱਤਰਕਾਰਾਂ ਨੇ ਜ਼ਰਾ ਜਿੰਨਾਂ ਵੀ ਸੱਚ ਲਿੱਖਣ ਦੀ ਜੁਰਅਤ ਕੀਤੀ ਜਾਂਨ ਤੋਂ ਹੱਥ ਧੋ ਬੈਠੇ। ਜਦੋਂ ਮੈਂ ਛੋਟਾ ਹੁੰਦਾ ਸੀ ਓਦੋਂ ਅਖਾਣ ਸੁਣਦੇ ਹੁੰਦੇ ਸੀ ਕਿ "ਆ ਬੈਲ ਮੁਝੇ ਮਾਰ" ਓਦੋਂ ਇਸ ਕਹਾਵਤ ਦੇ ਬਹੁਤੇ ਮਾਇਨੇ ਸਮਝ ਨਹੀਂ ਸੀ ਆਉਦੇ ਹੁਣ ਪੱਤਰਕਾਰੀ ਦੇ ਖੇਤਰ ਵਿੱਚ ਐਨੇਂ ਬੈਲ ਮਿਲੇ ਕਿ ਸਿੰਗ ਮਾਰ ਮਾਰਕੇ ਢਿੱਡ ਦੁਖਣ ਲਾਇਆ ਪਿਆ ਹੈ। ਪੱਤਰਕਾਰਤਾ ਵਿੱਚ ਵੀ ਦੋ ਧਿਰਾਂ ਹਨ ਇੱਕ ਨਿਰਪੱਖ ਤੇ ਅਡੋਲ ਪੱਤਰਕਰ ਰਵੀਸ਼ ਕੁਮਾਰ ਜਾਂ ਜਤਿੰਦਰ ਪੰਨੂੰ ਵਰਗੇ ਦੂਸਰੇ ਪਾਸੇ ਇਹਨਾਂ ਖਿਲਾਫ਼ ਇੱਕ ਪੀਲ੍ਹੀ ਪੱਤਰਕਾਰੀ ਜਾਂ ਸੱਤਾਧਾਰੀ ਧਿਰਾਂ ਵੱਲੋਂ ਤਿਆਰ ਕੀਤਾ ਗਿਆ ਮੀਡੀਆ ਹੈ ਜੋ ਸਿਰਫ਼ ਕਿ ਸਿਰਫ਼ ਇਹਨਾਂ ਦੇ ਗੁਣ ਗਾਉਣ ਸਵਾਏ ਹੋਰ ਕੱਖ ਵੀ ਨਹੀਂ। ਹਿੰਦੋਸਤਾਨ ਦੇ ਵੱਖੋ ਵੱਖ ਸੂਬਿਆਂ ਵਿੱਚ ਪਿਛਲੇ ਪੰਜ ਸੱਤ ਸਾਲ ਦੌਰਾਂਨ ਛੱਤਰਪਤੀ, ਗੌਰੀ ਲੰਕੇਸ਼ ਵਰਗੇ ਦਰਜ਼ਨ ਦੇ ਕਰੀਬ ਪੱਤਰਕਾਰ ਸੱਚ ਲਿੱਖਣ ਜਾਂ ਬੋਲਣ ਦਾ ਖਮਿਆਜ਼ਾ ਭੁਗਤਦੇ ਮੌਤ ਦੇ ਘਾਟ ਉਤਾਰ ਦਿੱਤੇ ਗਏ। ਅਗਰ ਕਿਸੇ ਪੱਤਰਕਾਰ ਨੂੰ ਸਬਕ ਸਿਖਾਉਣਾ ਹੋਵੇ ਉਸ ਉਤੇ ਸੰਗੀਨ ਧਰਾਵਾਂ ਤਹਿਤ ਕੇਸ ਠੋਕ ਦਿੱਤੇ ਜਾਂਦੇ ਹਨ ਨਹੀਂ ਫੇਰ ਗੁੰਡਾ ਬ੍ਰਗੇਡ ਦੋਆਰਾ ਓਹਦੀ ਪਿਟਾਈ ਕਰਵਾਈ ਜਾਂਦੀ ਹੈ। ਜੇ ਮੈਂ ਅਮਰੀਕਾ ਦੀ ਪੰਜਾਬੀ ਪੱਤਰਕਾਰਤਾ ਦੀ ਗੱਲ ਕਰਾਂ ਤਾਂ ਸੱਤ ਦਿਨ ਬੰਦਾ ਇਥੇ ਹੱਡ ਭੰਵਨੀਂ ਮਿਹਨਤ ਕਰਦਾ ਹੈ ਕਿਉਕੇ ਇਕੱਲੀ ਪੱਤਰਕਾਰੀ ਨਾਲ ਇੱਥੇ ਘਰ ਪਰਿਵਾਰ ਨਹੀਂ ਤੁਰਦਾ। ਬੱਸ ਇੱਕ ਚੇਟਕ ਜਿਹੀ ਜੋ ਲੱਗੀ ਇਹ ਮੇਰੇ ਵਰਗੇ ਨੂੰ ਟਿਕਣ ਨਹੀਂ ਦਿੰਦੀ। ਸਵੇਰ ਤੋਂ ਕੈਂਮਰਾ ਚੱਕ ਕਬੱਡੀ ਗਰਾਊਂਡਾਂ "ਚ ਧੁੱਪੇ ਮੱਚੀ ਚੱਲੋ,ਨਗਰ ਕੀਰਤਨਾਂ ਤੇ ਧੂੜ੍ਹ ਫੱਕਦੇ ਸਾਰੀ ਦਿਹਾੜੀ ਤੁਰੇ ਫਿਰੋ, ਕੋਈ ਸ਼ਹਿਰ ਵਿੱਚ ਸ਼ੋਅ ਹੈ ਤਾਂ ਮੂੰਹ ਚੱਕ ਚੱਕ ਸਟੇਜ ਵੱਲ ਕੜਿੱਕ ਕੜਿੱਕ ਕਰ ਫੋਟੋਆ ਖਿੱਚੀ ਜਾਓ। ਸਾਰੇ ਲੋਕੀ ਪਰਿਵਾਰਾ ਨਾਲ ਬੈਠਕੇ ਸ਼ੋਅ ਵੇਖ ਰਹੇ ਹੁੰਦੇ ਨੇ ਤੇ ਸਾਡੇ ਵਰਗੇ ਨੂੰ ਇਹ ਹੁੰਦਾ ਫਲਾਨੇ ਖੂੰਜੇ ਚੋਂ ਸੌਟ ਵਧੀਆ ਆਊ ਜਾ ਫਲਾਣੇ ਚੋਂ ਜਾਂ ਫੇਰ ਪ੍ਰਬੰਧਕ ਫੋਟੋਆਂ ਖਿੱਚਣ ਲਈ ਖਿੱਚ ਧੂਹ ਕਰੀ ਜਾਂਦੇ ਨੇ। ਓਧਰੋਂ ਘਰ ਵਾਲੀ ਵੀ ਅੱਕ ਜਾਂਦੀ ਬਈ ਤੁਸੀਂ ਇਥੇ ਮੈਨੂੰ ਸ਼ੋਅ ਵਿਖਾਉਣ ਲਿਆਏ ਹੋਂ ਜਾ ਬਾਂਦਰ ਟਪੌਸੀਆਂ ਦਿਖਾਉਣ ਲਈ.? ਸ਼ੋਅ ਕਰਨ ਵਾਲੇ ਕਲਾਕਾਰ ਆਪਣੇ ਪੈਸੇ ਬਣਾਕੇ ਔਹ ਜਾਂਦੇ ਨੇ ਪ੍ਰਬੰਧਕ ਪਹਿਲਾਂ ਹੀ ਅਮੀਰ ਹੁੰਦੇ ਨੇ ਜੇ ਪੈਸੇ ਪੂਰ ਪਰਾਮੇ ਵੀ ਹੋ ਜਾਂਣ ਤਾਂ ਘੱਟੋ ਘੱਟ ਬੱਲੇ ਬੱਲੇ ਤਾਂ ਪੱਲ੍ਹੇ ਰਹਿ ਜਾਂਦੀ ਹੈ। ਸਾਡੇ ਵਰਗਾ ਰਾਂਤ ਨੂੰ ਬਾਰਾਂ ਵਜੇ ਤੱਕ ਸ਼ੋਅ ਤੋਂ ਬਾਅਦ ਥੱਕਿਆ ਟੁੱਟਿਆ ਘਰ ਪਹੁੰਚਦਾ ਹੈ ਫੇਰ ਘਰਦਿਆਂ ਤੋਂ ਅੱਖ ਬਚਾਕੇ ਫੋਟੋ ਕਰਾਪ ਕਰਕੇ ਨਿੱਟ ਤੇ ਚਾੜਨ ਬੈਠ ਜਾਂਦਾ, ਟੀਵੀ ਫੁਟਿਜ਼ ਚਾੜਕੇ ਸਕਰਿਪਟ ਲਿਖਦੇ ਨੂੰ ਚਾਰ ਵੱਜ ਜਾਦੇ ਨੇ ਓਧਰੋਂ ਘਰਵਾਲੀ ਸਵੇਰਿਓ ਉਠਕੇ ਪੁਛਦੀ ਹੈ ਬਈ ਹੁਣ ਬੈਂਕ ਜਾ ਆਓ, ਗਰੌਸਰੀ ਲਿਆਉਣ ਵਾਲੀ ਪਈ ਹੈ..! ਸਾਰੀ ਰਾਤ ਮੱਥਾ ਮਾਰੀ ਗਏ ਹੋ ਤੁਹਾਨੂੰ ਕੀ ਮਿਲਣਾ ਐਨਾ ਕੁਛ ਕਰਕੇ..? ਫੇਰ ਮੇਰੇ ਵਰਗੇ ਕੋਲ ਕੋਈ ਜਵਾਬ ਨਹੀ ਹੁੰਦਾ ਸਿਰਫ਼ ਲੱਕੜ ਦੀ ਸ਼ੀਲਡ ਵਿਖਾਉਣ ਤੋਂ ਬਿਨਾਂ ਉਹ ਵੀ ਬਿਨਾਂ ਨਾਂ ਤੋਂ..!

ਪੱਤਰਕਾਰਤਾ ਓਹ ਹੁੰਦੀ ਹੈ ਜੋ ਦੁਨੀਆਂ ਦੀਆਂ ਨਜ਼ਰਾ ਤੋਂ ਛੁਪਿਆ ਸੱਚ ਲੋਕਾਂ ਸਾਹਮਣੇ ਲਿਆਵੇ। ਇਥੇ ਅਮਰੀਕਾ ਵਿੱਚ ਬਹੁਤੇ ਅਖਬਾਰ ਤਾਂ ਕਿਸੇ ਨੇ ਕੁੜੀ ਛੱਡਤੀ, ਕਿਸੇ ਦੇ ਮੁੰਡੇ ਦਾ ਵਿਆਹ ਹੋ ਗਿਆ, ਫਲਾਣੇ ਦੀ ਮਾਂ ਮਰਗੀ, ਫਲਾਣੇ ਦਾ ਨਾਨਾ ਮਰ ਗਿਆ ਗੁਰਦਵਾਰੇ ਬਰਸੀ ਮਨਾਈ, ਗਾਉਣ ਵਾਲੇ ਨੇ ਬਹਿਜਾ ਬਹਿਜਾ ਕਰਾਤੀ ਆਦਿ ਖਬਰਾਂ ਨਾਲ ਭਰੇ ਹੁੰਦੇ ਨੇ। ਅਖਬਰਾਂ ਵਾਲੇ ਵੀ ਕੀ ਕਰਨ ਮੁਫ਼ਤੀ ਦੇ ਅਖਬਾਰ ਮਸ਼ਹੂਰੀਆਂ ਕਰਕੇ ਹੀ ਚੱਲਦੇ ਹਨ। ਬਹੁਤ ਵਾਰੀ ਖਬਰ ਬਹੁਤ ਅਹਿੰਮ ਹੁੰਦੀ ਹੈ ਲੇਕਿਨ ਓਹਨੂੰ ਅਖਬਾਰ ਵਿੱਚ ਬਹੁਤ ਮਾੜੀ ਜਿਹੀ ਜਗ੍ਹਾ ਮਿਲਦੀ ਹੈ ਕਈ ਵਾਰੀ ਚੰਗੇ ਪ੍ਰੋਟਰ ਦੀ ਲੰਡੂ ਖਬਰ ਨੂੰ ਵੀ ਫਰੰਟ ਪੇਜ ਤੇ ਪ੍ਰਕਾਸ਼ਿਤ ਕੀਤਾ ਪਿਆ ਹੁੰਦਾ..! ਕੀ ਕਰਨ ਚੰਗੀ ਖਬਰ ਦਾ ਕੋਈ ਪੈਸਾ ਨਹੀਂ ਦਿੰਦਾ ਤੇ ਲੰਡੂ ਖਬਰ ਵਾਲੇ ਦਮੜੇ ਦਿੰਦੇ ਨੇ ਦਮੜਿਆਂ ਬਿਨਾਂ ਅਖਬਾਰ ਨਹੀਂ ਚੱਲਦਾ। ਜਦੋਂ ਮੈਂ ਪਹਿਲੋ ਪਹਿਲ 1991 ਵਿੱਚ ਅਮਰੀਕਾ ਆਇਆ ਸੀ ਸਿਰਫ਼ ਦੋ ਅਖਬਾਰ ਹੁੰਦੇ ਸੀ ਇੰਡੋ ਕਨੇਡੀਇੰਨ ਤੇ ਚੜਦੀ ਕਲਾ ਦੋਵੇਂ ਅਖਬਾਰ ਮੁੱਲ ਵਿੱਕਦੇ ਹੁੰਦੇ ਸੀ ਤੇ ਜਿਸ ਦਿਨ ਅਖਬਾਰ ਆਉਣੇ ਹੁੰਦੇ ਸੀ ਪਾਠਕ ਉੱਤਸੁਕਤਾ ਨਾਲ ਉਡੀਕ ਕਰਦੇ ਹੁੰਦੇ ਸੀ ਬਹੁਤ ਸਾਰੇ ਮੇਰੇ ਵਰਗੇ ਗਰੌਸਰੀ ਸਟੋਰ ਵਾਲੇ ਨੂੰ ਫੋਨ ਵੀ ਕਰ ਦਿੰਦੇ ਸੀ ਕਿ ਮੇਰੇ ਲਈ ਅਖਬਾਰ ਬਚਾਅ ਕੇ ਰੱਖੀ ਹੋਰ ਨਾਂ ਕਿੱਤੇ ਮੁੱਕ ਹੀ ਜਾਣ..! ਅਖਬਾਰ ਦੇ ਫਰੰਟ ਪੇਜ ਤੇ ਕੋਈ ਮਸ਼ਹੂਰੀ ਨਹੀਂ ਸੀ ਲਗਦੀ ਹੁੰਦੀ ਸਿਰਫ਼ ਅਹਿਮ ਖਬਰਾਂ ਹੁੰਦੀਆਂ ਸਨ। ਹੁਣ ਤਾਂ ਬਹੁਤੇ ਅਖਬਾਰ ਰੌਸ਼ਨਦਾਨ ਜਿਹਾ ਬਣਾ ਦਿੰਦੇ ਨੇ ਚਾਰੇ ਪਾਸੇ ਮਸ਼ਹੂਰੀਆਂ ਨਾਲ ਭਰਕੇ ਵਿਚਾਲੇ ਇੱਕ ਨਿੱਕੀ ਜਿਹੀ ਖਬਰ ਦਾ ਟਾਇਟਲ ਜਿਹਾ ਲਾ ਦਿੰਦੇ ਨੇ "ਤੇ ਕਈ ਪੂਰਾ ਫਰੰਟ ਪੇਜ ਹੀ ਮਸਹੂਰੀ ਵਾਲਾ ਬਣਾ ਦਿੰਦੇ ਨੇ..! ਕੀ ਕਰਨ ਅਖਬਾਰ ਚੱਲਦਾ ਰੱਖਣ ਲਈ ਪੱਤਰਕਾਰੀ ਦੇ ਅਸੂਲ ਵੀ ਅੱਖੋਂ ਪਰੋਖੇ ਕਰਨੇ ਪੈ ਜਾਂਦੇ ਨੇ। ਕਈ ਵਾਰੀ ਸੰਸਥਾਵਾਂ ਵੱਡੇ ਵੱਡੇ ਇਕੱਠ ਕਰਕੇ ਪੰਜਾਬੀ ਮਾਂ ਬੋਲੀ ਦੀ ਸੇਵਾ ਦਾ ਢਿੰਡੋਰਾ ਪਿੱਟਦੀਆਂ ਹਨ। ਅਖਾਬਰਾਂ ਵਾਲੇ ਸਾਰੇ ਸਾਰੇ ਅਖਬਾਰ ਇਹਨਾਂ ਦੀ ਕਵਰੇਜ਼ ਨਾਲ ਭਰ ਦਿੰਦੇ ਨੇ ਪ੍ਰਬੰਧਕ ਚਹੁੰਦੇ ਨੇ ਕਿ ਸਾਡੀ ਤੂਤੀ ਬੋਲੇ ਪਰ ਅਖਬਾਰ ਨੂੰ ਪੈਸਾ ਨਾ ਦੇਣਾ ਪਵੇ, ਪੈਸਿਆਂ ਬਿਨਾਂ ਮੁਫ਼ਤੀ ਦਾ ਅਖਬਾਰ ਕਿੰਨਾ ਕੁ ਚਿਰ ਤੁਹਾਡੀ ਕਵਰਜ਼ ਕਰ ਸਕੇਗਾ..?

ਇੱਕ ਦੋ ਵਾਰੀ ਕਰਕੇ ਹਟਜੂ।ਪੱਤਰਕਾਰ ਖੜੀ ਲੱਤ ਸਾਰੀ ਸਾਰੀ ਦਿਹਾੜੀ ਖੜਕੇ ਰਿਪੋਰਟ ਬਣਾਉਦਾ ਓਹਨੂੰ ਕੋਈ ਦਵਾਨੀ ਦੇਕੇ ਰਾਜ਼ੀ ਨਹੀਂ ਜੇ ਕਿਸੇ ਦਾ ਅਖਬਾਰ ਵਿੱਚ ਨਾਂ ਲਿਖਣਾ ਭੁੱਲ ਜਾਈਏ ਦੂਸਰੇ ਦਿਨ ਸਵੱਖਤੇ ਹੀ ਕਾਲਾਂ ਆਉਣ ਲੱਗ ਜਾਂਦੀਆਂ ਨੇ ਅਗਰ ਰਿਪੋਰਟ ਚੰਗੀ ਬਣੀ ਹੋਵੇ ਧੰਨਵਾਦ ਦਾ ਫੋਨ ਤੱਕ ਨਹੀਂ ਕਰਦਾ ਕੋਈ..! ਹਾਲਾਂਕਿ ਇਹ ਸਾਰੇ ਪ੍ਰਬੰਧਕ ਵੀ ਮਿਲੀਅਨ ਏਅਰ ਬੰਦੇ ਹੁੰਦੇ ਨੇ। ਖਬਰ ਲਵਾਉਣ ਨੂੰ ਹਰੇਕ ਮੂਹਰੇ ਹੁੰਦਾ ਲੇਕਿਨ ਪੱਤਰਕਾਰ ਨੂੰ ਕੋਈ ਤੇਲ ਦੇ ਪੈਸੇ ਵੀ ਨਹੀਂ ਪੁਛਦਾ। ਮੇਲਾ ਹੋਕੇ ਹਟਦਾ ਸਾਡੇ ਵਰਗਾ ਚਾਰ ਘੰਟੇ ਖਬਰ ਲਿਖਕੇ ਅਖਬਾਰ ਨੂੰ ਭੇਜਦਾ ਅਖਬਾਰ ਇਸ ਕਰਕੇ ਖਬਰ ਨਹੀਂ ਲਾਉਦਾ ਕਿ ਪ੍ਰਬੰਧਕਾਂ ਨੇ ਸਾਨੂੰ ਐਡ ਨਹੀਂ ਦਿੱਤੀ ਦੂਸਰੇ ਦਿਨ ਪ੍ਰਬੰਧਕ ਸਾਨੂੰ ਪੁਛਦੇ ਨੇ..! ਮੈਂ ਤਾਂ ਹੁਣ ਕਹਿ ਦਿੰਦਾ ਹਾਂ ਕਿ ਖਬਰ ਭੇਜ ਦਿਊਗਾ ਅੱਗੇ ਤੇਰੇ ਭਾਗ ਲੱਛੀਏ। ਸੋ ਦੋਸਤੋ ਪੱਤਰਕਾਰ ਤੇ ਅਖਬਾਰਾਂ ਵਾਲਿਆ ਦੇ ਵੀ ਵਾਲ ਬੱਚੇ ਹਨ ਸਿਰਫ਼ ਕਿ ਸਿਰਫ਼ ਰਗੀਨ ਪੇਜ ਤੇ ਫੋਟੋਆਂ ਲਵਾਉਣ ਤੱਕ ਮਤਲਵ ਨਾਂ ਰੱਖਿਆ ਕਰੋ ਸਗੋਂ ਪੱਤਰਕਾਰ ਨੂੰ ਬਣਦਾ ਹੱਕ ਦੇਣ ਦੇ ਨਾਲ ਨਾਲ ਅਖਬਾਰਾਂ ਵਾਲਿਆਂ ਦਾ ਖਿਆਲ ਕਰਿਆ ਕਰੋ। ਅਖਬਾਰ ਹੀ ਇੱਕ ਐਸਾ ਜ਼ਰੀਆ ਜਿਸ ਦੁਆਰਾ ਅਸੀਂ ਚੰਗੇ ਲੇਖਕਾਂ ਦੇ ਆਰਟੀਕਲ ਪੜਦੇ ਪੰਜਾਬ ਦੀ ਮਿੱਟੀ ਨਾਲ ਜੁੜੇ ਹੋਏ ਹਾਂ, ਸਾਡੀ ਨਵੀਂ ਪੀੜ੍ਹੀ ਨੂੰ ਪੰਜਾਬ ਨਾਲ ਜੋੜਨ ਵਾਸਤੇ ਅਖਬਾਰ ਅਹਿੰਮ ਰੋਲ ਅਦਾ ਕਰਦੇ ਨੇ ਸਾਨੂੰ ਪੂਰੇ ਸੰਸਾਰ ਲੈਵਲ ਦੀ ਖਬਰ-ਸਾਰ ਵੀ ਇਹਨਾਂ ਅਖਬਾਰਾਂ ਜਰੀਏ ਮਿਲਦੀ ਰਹਿੰਦੀ ਹੈ। ਸੋ ਗੁਰਦਵਾਰਾ ਸਹਿਬ ਦੀਆਂ ਪ੍ਰਬੰਧਕ ਕਮੇਟੀਆਂ, ਪ੍ਰਮੋਟਰ ਵੀਰਾਂ, ਟੂਰਨਾਮੈਂਟਾ ਦੇ ਪ੍ਰਬੰਧਕ ਵੀਰਾਂ ਅਤੇ ਪੰਜਾਬੀ ਸੰਸਥਾਵਾਂ ਦੇ ਸੱਜਣਾਂ ਨੂੰ ਬੇਨਤੀ ਹੈ ਕਿ ਆਓ ਇਹਨਾਂ ਅਖਬਾਰਾਂ ਨੂੰ ਚਲਦਾ ਰੱਖਣ ਲਈ ਤੇ ਪੱਤਰਕਾਰਤਾ ਨੂੰ ਅਮਰੀਕਾ ਵਿੱਚ ਜਿਉਦੀ ਰੱਖਣ ਲਈ ਆਪੋ ਆਪਣਾ ਬਣਦਾ ਯੋਗਦਾਨ ਪਾਈਏ।

ਧੰਨਵਾਦ

# ਪੰਜਾਬ ਵਿੱਚ ਬੂੱਲਟ ਪਟਾਕਾ ਮਿਸ਼ਨ ਬਨਾਮ ਨੌਜਵਾਨ ਵਰਗ ਦੀ ਸੋਚ



ਨਰਿੰਦਰ ਸਿੰਘ ਬਰਨਾਲ
91-9501001303੦੩

ਹੁਣ ਨਹੀਂ ਵੱਜਣਗੇ ਬੁਲਟ ਦੇ ਪਟ ਵੰਨ-ਸੁਵੰਨੀਆਂ ਅਵਾਜ਼ਾ ਕੱਢਕੇ ਲੋਕਾਂ ਨੂੰ ਪਰੇਸ਼ਾਨ ਕਰਦੇ ਹਾਰਨ, ਪ੍ਰੈਸ਼ਰ ਹਾਰਨ, ਪਟਾਕੇ ਮਾਰਨ ਵਾਲੇ ਸਾਇਲੈਂਸਰ ਬਨਾਉਣ, ਵੇਚਣ, ਖਰੀਦ ਕਰਨ ਅਤੇ ਫਿਟ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ ਹੈ। ਚੇਅਰਮੈਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਸ. ਕਾਹਨ ਸਿੰਘ ਪੰਨੂੰ ਨੇ ਇੰਨਾਂ ਬੇਅਰਾਮ ਕਰਦੀਆਂ ਅਵਾਜ਼ਾਂ ਨੂੰ ਰੋਕਣ ਲਈ ਕਮਰ ਕੱਸੀ ਹੈ ਅਤੇ ਵਾਯੂ ਪ੍ਰਦੂਸ਼ਣ ਰੋਕਥਾਮ ਅਤੇ ਨਿਯੰਤਰਣ ਐਕਟ 1981 ਦੀ ਧਾਰਾ 31 ਏ ਤਹਿਤ ਨਿਰਦੇਸ਼ ਜਾਰੀ ਕੀਤੇ ਹਨ ਇਕ ਅਕਤੂਬਰ 2017 ਤੋਂ ਜੋ ਵੀ ਵਿਅਕਤੀ ਅਜਿਹੇ ਹਾਰਨ, ਮਲਟੀ ਹਾਰਨ ਅਤੇ ਪਟਾਕੇ ਮਾਰਨ ਵਾਲੇ ਸਾਇਲੈਂਸਰ ਬਣਾਏਗਾ, ਵੇਚੇਗਾ ਅਤੇ ਫਿਟ ਕਰੇਗਾ ਉਸਨੂੰ ਐਕਟ ਦੀ ਉਲੰਘਣਾ ਸਮਝਦੇ ਹੋਏ 6 ਸਾਲ ਦੀ ਕੈਦ ਅਤੇ 5000 ਰੁਪਏ ਜੁਰਮਾਨਾ ਕੀਤਾ ਜਾ ਸਕੇਗਾ। ਵਰਣਨਯੋਗ ਹੈ ਕਿ ਉਕਤ ਹਾਰਨਾਂ ਤੇ ਬੁਲਟਾਂ ਦੀਆਂ ਅਵਾਜ਼ਾਂ ਤੋਂ ਜਿੱਥੇ ਆਮ ਲੋਕ ਪਰੇਸ਼ਾਨ ਹੁੰਦੇ ਹਨ, ਉਥੇ ਕਈ ਵਾਰ ਇਹ ਅਚਨਚੇਤ ਵੱਜੇ ਹਾਰਨ ਹਾਦਸੇ ਅਤੇ ਲੜਾਈਆਂ ਦਾ ਕਾਰਨ ਵੀ ਬਣਦੇ ਹਨ। ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਸਮਝਦੇ ਅਤੇ ਇੰਨਾਂ ਪ੍ਰਤੀ ਨੌਜਵਾਨ ਪੀੜ•ੀ ਦਾ ਵੱਧ ਰਿਹਾ ਕਰੇਜ਼ ਵੇਖਦੇ ਹੋਏ ਸ. ਕਾਹਨ ਸਿੰਘ ਪੰਨੂੰ ਨੇ ਜੁਲਾਈ ਮਹੀਨੇ ਅਖਬਾਰਾਂ ਵਿਚ ਇਸ਼ਤਹਾਰ ਦੇ ਕੇ ਪਹਿਲਾਂ ਇੰਨਾਂ ਨਾਲ ਸਬੰਧਤ ਪਾਰਟੀਆਂ ਦੇ ਇਤਰਾਜ਼ ਸੁਣੇ ਸਨ ਅਤੇ ਆਖਿਰ ਇਹ ਜਨਤਕ ਹਿੱਤ ਵੇਖਦੇ ਹੋਏ ਇਨਾਂ ਨੂੰ ਬੰਦ ਕਰਨ ਦਾ ਫੈਸਲਾ ਲਿਆ ਗਿਆ। ਉਨਾਂ ਜਾਰੀ ਹੁਕਮਾਂ ਦੇ ਨਾਲ-ਨਾਲ ਆਪਣੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਵੀ ਕੀਤੀਆਂ ਹਨ, ਉਹ ਅਕਤੂਬਰ ਤੋਂ ਇੰਨਾਂ ਹਾਰਨਾਂ ਨੂੰ ਵੇਚਣ ਤੇ ਬਨਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਅਮਲ ਵਿਚ ਲਿਆਉਣ।ਜਿਕਰ ਯੋਗ ਹੈ ਕਿ ਵਿਗੜੇ ਕਾਕੇ ਸ਼ਹਿਰਾਂ ਕਸਿ-ਬਆਂ ਤੇ ਕਾਲਜਾਂ ਦੇ ਆਲੇ ਦੁਆਲੇ ਆਸ਼ਕੀ ਕਰਦੇ ਆਮ ਹੀ ਵੇਖੇ ਜਾ ਸਕਦੇ ਹਨ, ਕੰਨ ਪਾੜਵੀਆਂ ਅਵਾਜਾਂ , ਹੂਟਰ,ਬੱਚੇ ਦੇ ਰੋਣ ਦੀ ਅਵਾਜ, ਤੇ ਖਾਸ ਕਰਕੇ ਬੁੱਲਟ ਦੇ ਪਟਾਕੇ ਮਾਰਨੇ ਆਮ ਹੀ ਹੈ। ਉਦਾਹਰਣ ਤੇ ਤੌਰ ਤੇ ਜੇਕਰ ਅਸੀ ਮੁਹਾਲੀ ਤੇ ਚੰਡੀਗੜ ਦੀ ਗੱਲ ਕਰੀਏ ਤਾ ਉਥੇ ਪਟਾਕਿਆਂ ਵਰਗੀ ਕੋਈ ਗੱਲ ਨਹੀ ਹੈ, ਮੁਹਾਲੀ ਵਿਚ ਹੋ ਸਕਦੀ ਜਦ ਕਿ ਚੰਡੀਗੜ ਵਿਚ ਤਾਂ ਸੋਚਿਆ ਵੀ ਨਹੀ ਜਾ ਸਕਦਾ। ਪਰ ਮੁਹਾਲੀ ਵਿਚ ਪੜੇ ਲਿਖੇ ਲੋਕਾਂ ਦੀ ਜਾਗਰੂਕਤਾ ਕਰਕੇ ਅਜਿਹਾ ਨਹੀ ਵਾਪਰਦਾ ।ਇਸ ਸਬੰਧ ਵਿਚ ਇਕ ਬੁੱਲਟ ਵਿਕਰੇਤਾ ਨਾਲ ਗੱਲ ਕੀਤੀ ਤਾ ਉਸ ਨੇ ਦੱਸਿਆ ਜਦ ਕੰਪਨੀ ਬੁੱਲਟ ਤਿਆਰ ਕਰਦੀ ਹੈ ਤਾ ਪ੍ਰਦੂਸਣ ਦੇ ਮਾਪਦੰਡ ਪੂਰੇ ਕਰਕੇ ਹੀ ਮੋਟਰਸਾਇਕਲ ਸੜਕ ਦੇ ਚੜਦਾ ਹੈ, ਪਰ ਕਈ ਮਨਚਲੇ ਬੁੱਲਟ ਖਰੀਦਣ ਤੋ ਤੁਰੰਤ ਬਾਅਦ ਘਰ ਤਾਂ ਹੀ ਜ਼ਾਦੇ ਹਨ ਕਿ ਬੁਲਟ ਦੇ ਸੋਨੋ ਸਾਈਡਾਂ ਵਾਲੇ ਸੀਸੇ, ਉਲ ਜਲੂਲ ਲਿਖਵਾਊਣਾ ਤੇ ਖਾਸ ਕਰਕੇ ਬੁੱਲਟ ਵਿਚ ਪਟਾਕੇ ਮਾਰਨ ਵਾਲਾ ਸਿਸਟਮ ਲਗਵਾ ਕੇ ਐਟਰੀ ਕਰਦੇ ਹਨ, ਸ਼ਹਿਰਾਂ ਦੇ ਬਜਾਏ ਪਿੰਡਾਂ ਵਿੱਚ ਤਾ ਬੁਲਟ ਮੋਟਰਸਾਇਕਲ ਦੀ ਵਧਾਈ ਤੇ ਲੁੱਡੂ ਉਨਾ ਚਿਰ ਚੰਗੇ ਹੀ ਨਹੀ ਲੱਗਦੇ, ਬੁੱਲਟ ਖਰੀਦਣ ਤੋ ਬਾਅਦ ਪਟਾਕੇ ਮਾਰਦਿਆਂ ਪਿੰਡ ਵਿਚ ਜਾਇਆ ਜਾਦਾ ਹੈ ਕਿ ਪਿੰਡ ਵਿਚ ਪੜਾ ਲੱਗ ਜਾਵੇ ਸਾਡੇ ਘਰ ਵਿਚ ਵੀ ਬੁੱਲਟ ਆ ਗਿਆ ਹੈ।

ਇਕ ਮੋਟਰਸਾਇਕਲ ਮੋਡੀਫਿਕੇਸ ਕਰਨ ਵਾਲੇ ਮਕੈਨਿਕ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਲੋਕ ਬੁੱਲਟ ਮੋਟਰ ਸਇਕਲ ਲੈਣ ਤੋ ਬਾਅਦ ਇੰਨੇ ਕੁ ਪੈਸੇ ਲਗਾ ਦਿੰਦੇ ਹਨ, ਉਹ ਮੋਟਰ ਸਾਇਕਲ ਦੀ ਅਸਲ ਕੀਮਤ ਤੋ ਵੀ ਜਿਆਦਾ ਹੁੰਦੇ ਹਨ, ਉਸ ਅਨੁਸਾਰ ਅਸੀ ਤਾਂ ਦੁਕਾਨ ਕਮਾਈ ਕਰਨ ਵਾਸਤੇ ਪਾਈ ਹੈ, ਪਰ ਪੰਜਾਬ ਸਰਕਾਦਰ ਦੇ ਦੱਸੇ ਹੁਕਮਾਂ ਦੀ ਪਾਲਣਾ ਕੀਤੀ ਜਾਵੇਗੀ। ਇਸ ਸਬੰਧ ਵਿਚ ਹੋਰ ਦੱਸਿਆ ਕਿ ਪਟਾਕੇ ਸਿਸਟਮ ਫਿਟ ਕਰਨ ਨਾਲ ਮੋਟਰ ਸਾਇਕਲ ਦੀ ਉਮਰ ਘੱਟਦੀ ਹੈ, ਤੇ ਇਸ ਦਾ ਇੰਝਣ ਜਲਦੀ ਹੀ ਖਰਾਬ ਹੋ ਜਾਂਦਾ ਹੈ। ਇਕ ਟ੍ਰੈਫਿਕ ਤੇ ਖੜੇ ਪੁਲਿਸ ਵਾਲੇ ਨਾਲ ਇਸ ਸਬੰਧ ਵਿਚ ਵਿਚਾਰ ਵਟਾਦਰਾ ਕੀਤਾ ਤੇ ਉਸ ਨੇ ਆਪਣਾ ਨਾ ਗੁਪਤ ਰੱਖਣ ਤੇ ਵਿਚਾਰ ਸਾਂਝਾ ਕੀਤਾ ਕਿ ਇਹ ਸਿਸਟਮ ਨੂੰ ਲਾਗੂ ਕੀਤਾ ਜਾ ਸਕਦਾ , ਜੇਕਰ ਇਕ ਟ੍ਰੈਫਿਕ ਟੀਮਾਂ ਸਪੈਸਲ ਤਿਆਰ ਕੀਤੀਆਂ ਜਾਣ ,ਹਰ ਜਿਲੇ ਦੀ ਕਰਾਸ ਚੈਕਿੰਗ ਕਰ ਵਾਈ ਜਾਵੇ। ਬੁੱਲਟ ਖਰੀਦਣ ਵਾਲਾ ਤੇ ਕਾਲਜ ਦੀਆਂ ਗੇੜੀਆਂ ਕੱਟਣ ਵਾਲਾ ਕਿਸੇ ਅਮੀਰ ਮਾਂ ਬਾਪ ਦੀ ਹੀ ਔਲਾਦ ਹੁੰਦਾ ਹੈ ਚਲਾਣ ਕਰਨ ਦਾ ਨਾ ਸੁਣਦਿਆਂ ਅਫਸਰਾਂ, ਸਿਆਸੀ ਲੀਡਰਾਂ ਦੇ ਫੋਨ , ਸ਼ਹਿਰ ਦੇ ਅਹਿਮ ਸਖਸੀਅਤਾਂ ਤੇ ਖਾਸ ਕਰਕੇ ਪੱਤਰਕਾਰਾਂ ਦੇ ਵੀ ਫੋਨ ਆ ਜਾਂਦੇ ਹਨ। ਜ਼ਿਸ ਕਰਕੇ ਇਸ ਬੂੱਲਟ ਪਟਾਕਾ ਮਿਸਨ ਕਾਮਯਾਬ ਕਰਨਾ ਔਖਾ ਹੀ ਬਹੁਤ ਮੁਸ਼ਕਿਲ। ਸਾਰਿਆਂ ਦੇ ਵਿਚਾਰਾਂ ਦਾ ਜੇਕਰ ਸਮੁਚਾ ਵਿਸ਼ਲੇਸ਼ਣ ਕਰੀਏ ਤਾ ਇਹ ਗੱਲ ਸਪਸ਼ਟ ਹੈ ਕਿ ਇਕ ਦਮ ਇਸ ਮੁਹਿੰਮ ਬਾਰੇ ਸਖਤੀ ਨਾ ਕੀਤੀ ਜਾਵੇ, ਸਕੂਲਾਂ,ਕਾਲਜਾਂ, ਯੂਨੀਵਰਸਿਟੀਆਂ ਇਸ ਸਬੰਧੀ ਸੈਮੀਨਾਰ ਲਗਾਏ ਜਾਣ, ਖਾਸ ਕਰਕੇ ਪੰਜਾਬ ਭਰਦੇ ਸਾਰੇ ਸਰਕਾਰੀ , ਗੈਰ ਸਰਕਾਰੀ , ਸਕੂਲਾਂ ਵਿਚ ਸਵੇਰ ਦੀਆਂ ਸਭਾਵਾਂ ਇਸ ਸਬੰਧੀ ਪਹਿਲਾਂ ਜਾਗਰੂਕਤਾ ਲਹਿਰ ਚਲਾਈ ਜਾਵੇ।

# ਪੰਚਾਇਤਾਂ, ਜੀ ਐਸ ਟੀ ਅਤੇ ਪੰਚਾਇਤਾਂ ਦੇ ਹੱਕ



ਗੁਰਮੀਤ ਸਿੰਘ ਪਲਾਹੀ
91-98158-02070

**ਪੰਚਾਇਤਾਂ ਗ੍ਰਾਂਟਾਂ ਉਤੇ ਨਿਰਭਰ ਹਨ। ਦੇਸ਼ ਦੇ ਚੋਹਦਵੇਂ ਵਿੱਤ ਆਯੋਗ ਨੇ ਗ੍ਰਾਮ ਪੰਚਾਇਤਾਂ ਨੂੰ ਦੋ ਲੱਖ ਕਰੋੜ ਰੁਪਏ ਤੋਂ ਵੱਧ ਦਾ ਯੋਗਦਾਨ ਪਿਛਲੇ ਪੰਜ ਸਾਲਾਂ ਵਿੱਚ ਦਿਤਾ ਹੈ। ਭਾਵੇਂ ਕਿ ਪੰਚਾਇਤਾਂ ਕੋਲ ਟੈਕਸ ਜਾਂ ਫੀਸ ਲਾਉਣ ਦਾ ਹੱਕ ਹੈ, ਪਰ ਚੁਣੀਆਂ ਹੋਈਆਂ ਇਹ ਸਥਾਨਕ ਸਰਕਾਰਾਂ ਆਮ ਤੌਰ ਤੇ ਟੈਕਸ ਜਾਂ ਕਿਸੇ ਫੀਸ ਦੀ ਲੋਕਾਂ ਤੋਂ ਉਗਰਾਹੀ ਨਹੀਂ ਕਰਦੀਆਂ ਕਿਉਂਕਿ ਪੰਚਾਇਤ ਪ੍ਰਤੀਨਿਧਾਂ ਨੂੰ ਡਰ ਹੁੰਦਾ ਹੈ ਕਿ ਲੋਕ ਉਹਨਾ ਨੂੰ ਅਗਲੀ ਵੇਰ ਵੋਟ ਨਹੀਂ ਦੇਣਗੇ ਅਤੇ ਉਹ ਲੋਕਾਂ 'ਚ ਹਰਮਨ-ਪਿਆਰੇ ਨਹੀਂ ਰਹਿਣਗੇ। ਭਾਵੇਂ ਕਿ ਪੰਚਾਇਤਾਂ ਜਾਇਦਾਦ ਟੈਕਸ ਜਾਂ ਧੰਦਾ ਟੈਕਸ ਲਗਾ ਸਕਦੀਆਂ ਹਨ।**

ਦੇਸ਼ ਭਰ ਵਿੱਚ 2,40,930 ਪਿੰਡ ਪੰਚਾਇਤਾਂ ਹਨ। ਇਹਨਾਂ ਪੰਚਾਇਤਾਂ ਵਿੱਚ 31 ਲੱਖ ਚੁਣੇ ਹੋਏ ਸਰਪੰਚ ਅਤੇ ਪੰਚ ਹਨ। ਦੇਸ਼ ਦੇ 73 ਵੇਂ ਸੰਵਿਧਾਨ ਸੋਧ ਕਾਨੂੰਨ ਤਹਿਤ ਇਹਨਾਂ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਦਿੱਤਾ ਗਿਆ ਹੈ। ਇਹ ਕਾਨੂੰਨ ਪੰਚਾਇਤਾਂ ਨੂੰ ਆਰਥਿਕ ਵਿਕਾਸ ਅਤੇ ਸਮਾਜਿਕ ਨਿਆਂ ਦੀਆਂ ਯੋਜਨਾਵਾਂ ਬਨਾਉਣ ਅਤੇ ਜ਼ਮੀਨੀ ਪੱਧਰ ਉਤੇ ਉਹਨਾ ਨੂੰ ਲਾਗੂ ਕਰਨ ਦਾ ਹੱਕ ਦਿੰਦਾ ਹੈ। ਇਹ ਕਾਨੂੰਨ ਲਾਗੂ ਹੋਇਆਂ ਦੋ ਦਹਾਕੇ ਬੀਤ ਗਏ ਹਨ, ਪਰ ਪੰਚਾਇਤਾਂ ਹਾਲੀ ਤੱਕ ਵੀ ਕੇਂਦਰ ਅਤੇ ਸੂਬਾ ਸਰਕਾਰ ਦੇ ਰਹਿਮੋ-ਕਰਮ ਉਤੇ ਜੀਊ ਰਹੀਆਂ ਹਨ, ਕਿਉਂਕਿ ਪੰਚਾਇਤਾਂ ਦੇ ਆਪਣੇ ਆਮਦਨ ਦੇ ਕੋਈ ਸਾਧਨ ਹੀ ਨਹੀਂ ਅਤੇ ਉਹਨਾਂ ਨੂੰ ਸਰਕਾਰੀ ਗ੍ਰਾਂਟਾਂ ਉਤੇ ਹੀ ਨਿਰਭਰ ਹੋਣਾ ਪੈ ਰਿਹਾ ਹੈ। ਜੀ ਐਸ ਟੀ ਲਾਗੂ ਹੋਣ ਤੋਂ ਬਾਅਦ ਇਹਨਾ ਸਥਾਨਕ ਸਰਕਾਰਾਂ ਦੀ ਆਰਥਿਕ ਸਥਿਤੀ ਹੋਰ ਵੀ ਖਰਾਬ ਹੋ ਜਾਏਗੀ ਕਿਉਂਕਿ ਇਹਨਾਂ ਸੰਸਥਾਵਾਂ ਨੂੰ ਵਿੱਤੀ ਸਾਧਨਾਂ ਦੀ ਹੋਰ ਵੀ ਕਮੀ ਹੋ ਜਾਏਗੀ। ਜੀ ਐਸ ਟੀ ਦਾ ਕੇਂਦਰੀ ਅਤੇ ਸੂਬਾ ਪੱਧਰ ਉਤੇ ਕੀ ਅਸਰ ਪਵੇਗਾ, ਇਸ ਦੀ ਦੇਸ਼ ਭਰ ਵਿੱਚ ਭਰਪੂਰ ਚਰਚਾ ਹੋ ਰਹੀ ਹੈ, ਪਰ ਪੰਚਾਇਤਾਂ ਦੇ ਕੰਮ ਕਾਰ, ਇਹਨਾ ਦੀ ਵਿੱਤੀ ਹਾਲਤ ਉਤੇ ਇਸ ਟੈਕਸ ਦਾ ਕੀ ਪ੍ਰਭਾਵ ਪਵੇਗਾ, ਇਸਦੀ ਵਿੱਚ ਕੋਈ ਚਰਚਾ ਹੀ ਨਹੀਂ ਹੋ ਰਹੀ।

ਪੰਚਾਇਤਾਂ ਗ੍ਰਾਂਟਾਂ ਉਤੇ ਨਿਰਭਰ ਹਨ। ਦੇਸ਼ ਦੇ ਚੋਹਦਵੇਂ ਵਿੱਤ ਆਯੋਗ ਨੇ ਗ੍ਰਾਮ ਪੰਚਾਇਤਾਂ ਨੂੰ ਦੋ ਲੱਖ ਕਰੋੜ ਰੁਪਏ ਤੋਂ ਵੱਧ ਦਾ ਯੋਗਦਾਨ ਪਿਛਲੇ ਪੰਜ ਸਾਲਾਂ ਵਿੱਚ ਦਿਤਾ ਹੈ। ਭਾਵੇਂ ਕਿ ਪੰਚਾਇਤਾਂ ਕੋਲ ਟੈਕਸ ਜਾਂ ਫੀਸ ਲਾਉਣ ਦਾ ਹੱਕ ਹੈ, ਪਰ ਚੁਣੀਆਂ ਹੋਈਆਂ ਇਹ ਸਥਾਨਕ ਸਰਕਾਰਾਂ ਆਮ ਤੌਰ ਤੇ ਟੈਕਸ ਜਾਂ ਕਿਸੇ ਫੀਸ ਦੀ ਲੋਕਾਂ ਤੋਂ ਉਗਰਾਹੀ ਨਹੀਂ ਕਰਦੀਆਂ ਕਿਉਂਕਿ ਪੰਚਾਇਤ ਪ੍ਰਤੀਨਿਧਾਂ ਨੂੰ ਡਰ ਹੁੰਦਾ ਹੈ ਕਿ ਲੋਕ ਉਹਨਾ ਨੂੰ ਅਗਲੀ ਵੇਰ ਵੋਟ ਨਹੀਂ ਦੇਣਗੇ ਅਤੇ ਉਹ ਲੋਕਾਂ 'ਚ ਹਰਮਨ-ਪਿਆਰੇ ਨਹੀਂ ਰਹਿਣਗੇ। ਭਾਵੇਂ ਕਿ ਪੰਚਾਇਤਾਂ ਜਾਇਦਾਦ ਟੈਕਸ ਜਾਂ ਧੰਦਾ ਟੈਕਸ ਲਗਾ ਸਕਦੀਆਂ ਹਨ। ਉਹਨਾ ਨੂੰ ਸੇਵਾ ਕਰ ਲਗਾਉਣ ਦਾ ਵੀ ਅਧਿਕਾਰ ਹੈ। ਉਹ ਪੀਣ ਦੇ ਪਾਣੀ, ਸਫਾਈ, ਸਾਂਝੀ ਸਟਰੀਟ ਲਾਈਟ ਆਦਿ ਸੁਵਿਧਾਵਾਂ ਲੋਕਾਂ ਨੂੰ ਦੇਣ ਲਈ ਸੇਵਾ ਕਰ ਲਗਾ ਸਕਦੀਆਂ ਹਨ ਪਰ ਆਮ ਤੌਰ ਤੇ ਪੰਚਾਇਤਾਂ ਇੰਜ ਨਹੀਂ ਕਰਦੀਆਂ । ਹਾਂ, ਕੁਝ ਪੰਚਾਇਤਾਂ ਦੀ ਆਪਣੀ ਜ਼ਮੀਨ ਹੈ, ਜਿਸਨੂੰ ਪਟੇ ਉਤੇ ਜਾਂ ਲਗਾਨ ਉਤੇ ਦੇਕੇ ਉਹ ਆਪਣੀ ਆਮਦਨ ਵਿੱਚ ਵਾਧਾ ਕਰਦੀਆਂ ਹਨ ਅਤੇ ਇਸ ਪੈਸੇ ਨੂੰ ਲੋਕ ਭਲਾਈ ਦੇ ਕੰਮਾਂ 'ਚ ਲਗਾਉਂਦੀਆਂ ਹਨ, ਪਰ ਇਥੇ ਵੀ ਵਿਡੰਬਨਾ ਇਹ ਹੈ ਕਿ ਇਸ ਆਮਦਨ ਦਾ ਚੌਥਾ ਜਾਂ ਪੰਜਵਾਂ ਹਿੱਸਾ ਬਲਾਕ ਸੰਮਤੀ, ਜ਼ਿਲਾ ਪ੍ਰੀਸ਼ਦ ਦੇ ਫੰਡਾਂ ਲਈ ਉਚ ਅਧਿਕਾਰੀ ਕੱਢ ਕੇ ਲੈ ਜਾਂਦੇ ਹਨ ਤਾਂ ਕਿ ਪੰਚਾਇਤਾਂ ਦੇ ਕੰਮਾਂ ਦੀ ਦੇਖ-ਰੇਖ ਕਰਨ ਵਾਲੇ ਕਰਮਚਾਰੀਆਂ ਦੀ ਤਨਖਾਹ ਅਤੇ ਹੋਰ ਖਰਚ ਪੂਰਾ ਕੀਤਾ ਜਾ ਸਕੇ। ਦੇਸ਼ ਦੀਆਂ ਕੁਝ ਪੰਚਾਇਤਾਂ ਵਲੋਂ ਵਿਗਿਆਪਨ ਟੈਕਸ, ਮਨੋਰੰਜਨ ਟੈਕਸ ਆਦਿ ਲਗਾਇਆ ਗਿਆ ਹੈ, ਜਿਸ ਨਾਲ ਪੰਚਾਇਤਾਂ ਨੂੰ ਆਮਦਨ ਹੁੰਦੀ ਹੈ।

ਜੀ ਐਸ ਟੀ ਲਾਗੂ ਹੋਣ ਨਾਲ ਮਨੋਰੰਜਨ ਕਰ, ਵਿਗਿਆਪਨ ਕਰ ਆਦਿ ਜੀ ਐਸ ਟੀ 'ਚ ਹੀ ਸ਼ਾਮਲ ਹੋ ਗਏ ਹਨ, ਇਸ ਲਈ ਪੰਚਾਇਤਾਂ ਦੀ ਆਮਦਨ ਦਾ ਇਹ ਸਰੋਤ ਖਤਮ ਹੋ ਗਿਆ ਹੈ। ਪੰਚਾਇਤਾਂ ਵਲੋਂ ਆਮਦਨ ਵਧਾਉਣ ਲਈ ਜੇਕਰ ਕੋਈ ਉਦਯੋਗ-ਧੰਦਾ ਚਾਲੂ ਕਰਨਾ ਹੈ ਤਾਂ ਉਸ ਉਤੇ ਟੈਕਸ ਲੱਗੇਗਾ। ਪੰਚਾਇਤ ਦੀ ਸ਼ਾਮਲਾਟ ਜ਼ਮੀਨ ਉਤੋਂ ਲਗਾਨ ਦੀ ਜੋ ਆਮਦਨ ਹੁੰਦੀ ਹੈ ਉਸ ਉਤੇ ਵੀ ਜੀ ਐਸ ਟੀ ਲੱਗੇਗਾ ਜੇਕਰ ਲਗਾਨ ਦੀ ਆਮਦਨ ਸਲਾਨਾ 20 ਲੱਖ ਤੋਂ ਜਿਆਦਾ ਹੋਏਗੀ। ਉਤਰ ਪ੍ਰਦੇਸ਼ ਵਿੱਚ ਪੰਚਾਇਤਾਂ ਵਲੋਂ ਚਲਾਏ ਉਦਯੋਗ ਇਸ ਘੇਰੇ ਵਿੱਚ ਆਉਣਗੇ। ਹਰਿਆਣਾ ਦੀ ਸ਼ਾਮਲਾਟ ਜ਼ਮੀਨ ਤੋਂ ਆਮਦਨ ਦੇਸ਼ ਭਰ 'ਚ ਸਭ ਤੋਂ ਵੱਧ ਹੈ ਉਹਨਾਂ ਪੰਚਾਇਤਾਂ ਨੂੰ ਜੀ ਐਸ ਟੀ ਦੇਣਾ ਪਵੇਗਾ ਪਰ ਹੈਰਾਨੀ ਦੀ ਗੱਲ ਇਹ ਹੈ ਕਿ 73 ਵੇਂ ਸੰਵਿਧਾਨ ਸੰਸ਼ੋਧਨ ਵਿੱਚ ਪੰਚਾਇਤਾਂ ਨੂੰ ਸਥਾਨਕ ਸਰਕਾਰ ਦਾ ਦਰਜਾ ਦਿਤਾ ਗਿਆ ਹੈ, ਤਾਂ ਜੀ ਐਸ ਟੀ ਦੀ ਵੰਡ ਵੇਲੇ ਇਸ ਦੇ ਦੋ ਅੰਗ ਹੀ ਕਿਉਂ ਰੱਖੇ ਗਏ ਹਨ? ਇੱਕ ਕੇਂਦਰ ਦੀ ਸਰਕਾਰ ਅਤੇ ਦੂਜੀ ਸੂਬੇ ਦੀ ਸਰਕਾਰ। ਜੀ ਐਸ ਟੀ ਦੀ ਆਮਦਨ ਇਹ ਦੋਵੇਂ ਸਰਕਾਰਾਂ ਰੱਖਣ ਦੀਆਂ ਹੱਕਦਾਰ ਬਣਾਈਆਂ ਗਈਆਂ ਹਨ। ਜੀ ਐਸ ਟੀ ਲਾਗੂ ਕਰਕੇ ਸਥਾਨਕ ਸਰਕਾਰਾਂ ਪੰਚਾਇਤਾਂ ਦੇ ਆਮਦਨ ਦੇ ਸਾਧਨ ਹੋਰ ਵੀ ਸੀਮਤ ਕਰ ਦਿਤੇ ਗਏ ਹਨ, ਅਤੇ ਉਹਨਾਂ ਦੀ ਸਰਕਾਰਾਂ ਦੀ ਗ੍ਰਾਂਟਾਂ, ਉਤੇ ਨਿਰਭਰਤਾ ਹੋਰ ਵੀ ਵਧਾ ਦਿੱਤੀ ਗਈ ਹੈ, ਜਿਹੜੀ ਕਿ ਪੰਚਾਇਤਾਂ ਦੇ ਮੂਲ ਮੰਤਵ ਨੂੰ ਵੱਡਾ ਖੋਰਾ ਲਾਉਣ ਦਾ ਕਾਰਨ ਬਣੇਗੀ ਅਤੇ ਪੰਚਾਇਤ ਨੁਮਾਇੰਦਿਆਂ ਨੂੰ ਸਿਆਸੀ ਲੋਕਾਂ ਅਤੇ ਪ੍ਰਾਸ਼ਾਸ਼ਨਿਕ ਅਧਿਕਾਰੀਆਂ, ਕਰਮਚਾਰੀਆਂ ਦੀਆਂ ਮਨਮਰਜੀਆਂ ਦਾ ਸ਼ਿਕਾਰ ਬਣਾਏਗੀ।

ਪੰਚਾਇਤਾਂ ਦੀ ਚੋਣ ਹੁੰਦੀ ਹੈ। ਸਰਪੰਚ ਚੁਣੇ ਜਾਂਦੇ ਹਨ। ਪੰਚ ਚੁਣੇ ਜਾਂਦੇ ਹਨ। ਲੋਕ ਉਤਸ਼ਾਹ ਨਾਲ ਚੋਣਾਂ 'ਚ ਹਿੱਸਾ ਲੈਂਦੇ ਹਨ। ਪਿੰਡ ਦੇ ਸੁਧਾਰ ਦੀਆਂ ਯੋਜਨਾਵਾਂ ਬਣਦੀਆਂ ਹਨ। ਪਹਿਲਾਂ ਸਿਆਸੀ ਦਖਲ ਅੰਦਾਜ਼ੀ ਅਤੇ ਫਿਰ ਪ੍ਰਾਸ਼ਾਸ਼ਨਿਕ ਦਖਲ, ਪੰਚਾਇਤਾਂ ਦੇ ਕੰਮ ਕਾਰ 'ਚ ਰੁਕਾਵਟ ਪਾਉਂਦਾ ਹੈ। ਰਕਮਾਂ ਪੰਚਾਇਤਾਂ ਦੀਆਂ ਹੁੰਦੀਆਂ ਹਨ। ਹੱਕ ਪੰਚਾਇਤਾਂ ਦੇ ਹੁੰਦੇ ਹਨ। ਪਰ ਵਰਤਦੇ ਉਪਰਲੇ ਕਰਮਚਾਰੀ ਅਤੇ ਪੰਚਾਇਤ ਅਧਿਕਾਰੀ ਹਨ। ਚੰਗੇ ਪ੍ਰਬੰਧ ਦੀ ਆੜ ਵਿੱਚ ਪੰਚਾਇਤ ਅਫ਼ਸਰ ਧੱਕੇ ਨਾਲ ਹੀ ਸਰਪੰਚਾਂ ਨੂੰ ਆਪਣੇ ਚੁੰਗਲ 'ਚ ਫਸਾਉਂਦੇ ਹਨ। ਪੰਚਾਇਤਾਂ ਦੇ ਕਾਰਵਾਈ ਰਜਿਸਟਰ,ਅਤੇ ਹੋਰ ਰਜਿਸਟਰ ਉਪਰਲੇ ਅਧਿਕਾਰੀਆਂ ਤੇ ਸਿਆਸੀ ਲੋਕਾਂ ਦੇ ਆਖ ਲੱਗ ਆਪ ਕਾਬੂ ਕਰੀ ਰੱਖਦੇ ਹਨ ਕਿਉਂਕਿ ਪੰਚਾਇਤਾਂ ਦੇ ਨੁਮਾਇੰਦੇ ਬਹੁਤੇ ਪੜ੍ਹੇ ਨਹੀਂ ਹੁੰਦੇ, ਕਾਨੂੰਨ ਦੀ ਜਾਣਕਾਰੀ ਨਹੀਂ ਰੱਖਦੇ, ਉਹਨਾਂ ਨੂੰ ਗੁੰਮਰਾਹ ਕਰਕੇ ਉਹਨਾਂ ਤੋਂ ਗਲਤ ਕੰਮ ਕਰਵਾ ਲਏ ਜਾਂਦੇ ਹਨ ਜਾਂ ਸਿਆਸੀ ਤੌਰ ਤੇ ਵੋਟਾਂ ਲੈਣ ਦੀ ਖਾਤਰ ਇਹਨਾ ਨੁਮਾਇੰਦਿਆਂ ਨੂੰ ਆਪਣੇ ਹੱਕ 'ਚ ਕਰਨ ਲਈ ਪੰਚਾਇਤਾਂ ਦੇ ਕੰਮਕਾਰ ਲਈ ਐਡਮੈਨਿਸਟ੍ਰੇਟਰ ਲਗਾਉਣ ਅਤੇ ਉਹਨਾ ਤੋਂ ਹੋਰ ਸ਼ਕਤੀਆਂ ਵਾਪਿਸ ਲੈਣ ਦਾ ਡਰਾਵਾ ਦੇ ਕੇ ਉਹਨਾ ਦੇ ਅਧਿਕਾਰਾਂ ਦਾ ਹਨਨ ਕਰਦੇ ਹਨ, ਜਦਕਿ ਪੰਚਾਇਤ ਐਕਟਾਂ ਵਿੱਚ, ਘੱਟ ਘੱਟ ਪੰਜਾਬ ਦੇ ਪੰਚਾਇਤ ਐਕਟ ਵਿੱਚ ਸਰਪੰਚ ਹਟਾਕੇ ਐਡਮੈਨਸਟ੍ਰੇਟਰ ਲਾਉਣ ਜਾਂ ਸਿੱਧੇ ਚੁਣੇ ਹੋਏ ਸਰਪੰਚ ਨੂੰ ਬਹੁ-ਸੰਮਤੀ ਸਿੱਧ ਕਰਨ, ਕਰਾਉਣ ਦਾ ਕੋਈ ਪ੍ਰਾਵਾਧਾਨ ਹੀ ਨਹੀਂ ਹੈ। ਅਸਲ ਵਿੱਚ ਤਾਂ ਦੇਸ਼ ਦੇ 73ਵੇਂ ਸੰਸ਼ੋਧਨ ਅਨੁਸਾਰ ਪੰਚਾਇਤਾਂ ਨੂੰ ਵੱਡੇ ਅਧਿਕਾਰ ਦੇ ਕੇ ਬਹੁਤ ਸਾਰੇ ਸਰਕਾਰੀ ਮਹਿਕਮਿਆਂ ਦੀ ਦੇਖ-ਰੇਖ ਦਾ ਕੰਮ ਪੰਚਾਇਤ ਨੁਮਾਇੰਦਿਆਂ ਜ਼ੁੰਮੇ ਕਰਨ ਦੀ ਗੱਲ ਕੀਤੀ ਗਈ ਹੈ, ਪਰ ਦੇਸ਼ ਦੇ ਵੱਡੀ ਗਿਣਤੀ ਸੂਬਿਆਂ 'ਚ ਪੰਚਾਇਤਾਂ ਨੂੰ ਅਸਲ ਮਾਅਨਿਆਂ 'ਚ ਬਣਦੇ ਅਧਿਕਾਰ ਦਿਤੇ ਹੀ ਨਹੀਂ ਜਾ ਰਹੇ, ਸਗੋਂ ਇਹਨਾਂ ਅਧਿਕਾਰਾਂ ਦੀ ਵਰਤੋਂ ਉੱਚ ਅਧਿਕਾਰੀ ਅਤੇ ਸਿਆਸੀ ਲੋਕ ਕਰਦੇ ਹਨ।

ਪੰਚਾਇਤਾਂ ਸਥਾਨਕ ਸਰਕਾਰਾਂ ਹਨ। ਪੰਚਾਇਤਾਂ ਨੂੰ ਇਸ ਗੱਲ ਦਾ ਅਧਿਕਾਰ ਹੈ ਕਿ ਉਹਨਾ ਨੂੰ ਰਾਜ ਸਰਕਾਰ ਵਿੱਚ ਜੀ ਐਸ ਟੀ ਲਈ ਗਠਿਤ ਕਮੇਟੀ 'ਚ ਭਾਗੀਦਾਰੀ ਹੋਵੇ। ਪੰਚਾਇਤਾਂ ਵੀ ਟੈਕਸ ਅਤੇ ਫੀਸਾਂ ਰਾਹੀਂ, ਜੋ ਉਹ ਪੰਚਾਇਤੀ ਰਾਜ ਕਾਨੂੰਨ ਅਧੀਨ ਅਧਿਕਾਰਤ ਹਨ, ਵਿੱਤੀ ਸਾਧਨ ਇੱਕਠੇ ਕਰਨ। ਉਹਨਾ ਨੂੰ ਇਸ ਡਰ ਵਿਚੋਂ ਨਿਕਲਣਾ ਪਵੇਗਾ ਕਿ ਟੈਕਸ ਜਾਂ ਫੀਸ ਲਗਾਉਣ ਨਾਲ ਉਹ ਲੋਕਾਂ 'ਚ ਹਰਮਨ ਪਿਆਰੇ ਨਹੀਂ ਰਹਿਣਗੇ। ਪੰਚਾਇਤਾਂ ਜੇਕਰ ਕੇਂਦਰ ਜਾਂ ਰਾਜ ਸਰਕਾਰਾਂ ਦੀਆਂ ਗ੍ਰਾਂਟਾਂ ਤੇ ਨਿਰਭਰ ਰਹਿਣਗੀਆਂ ਅਤੇ ਆਪਣੇ ਸਾਧਨ ਜੁਟਾਉਣ ਲਈ ਉਦਮ ਨਹੀਂ ਕਰਨਗੀਆਂ ਤਾਂ ਉਹ ਹੋਰ ਵੀ ਪੰਗੂ ਬਣਕੇ ਰਹਿ ਜਾਣਗੀਆਂ। ਪੰਚਾਇਤਾਂ, ਪਿੰਡ ਦੀ ਗ੍ਰਾਮ ਸਭਾ ਦੇ ਸਹਿਯੋਗ ਨਾਲ, ਲੋਕਾਂ ਦੀ ਸ਼ਮੂਲੀਅਤ ਨਾਲ, ਵਿਕਾਸ ਦੇ ਜੇਕਰ ਕੰਮ ਉਲੀਕਣਗੀਆਂ ਤਾਂ ਹੀ ਉਹ ਸਰਕਾਰੀ ਅਧਿਕਾਰੀਆਂ ਦੇ ਪੰਜੇ 'ਚੋਂ ਨਿਕਲ ਸਕਣਗੀਆਂ। ਪੰਚਾਇਤਾਂ ਦੀ ਹਾਲਤ ਅਸਲੋਂ ਤਰਸਯੋਗ ਹੈ। ਹਾਲੀ ਤੱਕ ਤਾਂ ਪੰਚਾਇਤਾਂ ਦੇ ਕੋਲ ਆਪਣੇ ਬੈਠਣ ਤੇ ਮੀਟਿੰਗਾਂ ਕਰਨ ਲਈ ਪੰਚਾਇਤ ਘਰ ਤੱਕ ਨਹੀਂ ਹੈ। 2015 ਦੇ ਅੰਕੜਿਆਂ ਮੁਤਾਬਿਕ ਉਤਰਪ੍ਰਦੇਸ਼ ਵਿੱਚ 33 ਫੀਸਦੀ, ਬਿਹਾਰ ਦੇ 81 ਫੀਸਦੀ ਪੰਚਾਇਤਾਂ ਕੋਲ ਆਪਣੀਆਂ ਇਮਾਰਤਾਂ ਨਹੀਂ ਹਨ। ਦੇਸ਼ ਦੇ ਦੂਜੇ ਹਿੱਸਿਆਂ ਦੇ ਸੂਬਿਆਂ ਦੀਆਂ ਪੰਚਾਇਤਾਂ ਦਾ ਹਾਲ ਵੀ ਇਸ ਤੋਂ ਵੱਖਰਾ ਨਹੀਂ ਹੈ।

ਦੇਸ਼ ਦੀ ਜਨ ਗਣਨਾ 2011 ਅਨੁਸਾਰ ਦੇਸ਼ ਵਿੱਚ "ਸੈਨਸਜ ਟਾਊਨ" ਦੀ ਸੰਖਿਆ 3894 ਹੋ ਗਈ ਹੈ, ਜਿਹੜੀ 2001 ਵਿੱਚ 1362 ਸੀ। ਸੈਂਨਸਜ ਟਾਊਨ ਉਹ ਪਿੰਡ ਹਨ ਜਿਹਨਾ ਦੀ ਜਨਸੰਖਿਆ 5000 ਹੋਵੇ ਅਤੇ ਜਿਥੇ ਕੁਲ ਵਸਨੀਕਾਂ ਵਿਚੋਂ ਘੱਟੋ ਘੱਟ ਤਿੰਨ ਚੌਥਾਈ ਗੈਰ ਖੇਤੀ ਦੇ ਕੰਮਾਂ 'ਚ ਲੱਗੇ ਲੋਕ ਰਹਿੰਦੇ ਹੋਣ ਅਤੇ ਜਿਥੇ ਜਨਸੰਖਿਆ ਦੀ ਘਣਤਾ 400 ਵਿਅਕਤੀ ਪ੍ਰਤੀ ਕਿਲੋਮੀਟਰ ਹੈ। ਇਹਨਾਂ ਪਿੰਡਾਂ ਦੀ ਆਮਦਨ ਦਾ ਸਰੋਤ ਹੀ ਕੋਈ ਨਹੀਂ ਹੈ। ਇਹਨਾਂ ਦੀ ਵਿਕਾਸ ਪੱਖੋਂ ਹਾਲਤ ਨਿੱਘਰੀ ਹੋਈ ਹੈ, ਇਹ ਨਾ ਪਿੰਡ ਰਹੇ ਹਨ ਤੇ ਨਾ ਹੀ ਸ਼ਹਿਰ ਬਣ ਸਕੇ ਹਨ। ਪੰਚਾਇਤਾਂ ਦੀ ਦਸ਼ਾ ਸੁਧਾਰਨ ਲਈ, ਇਹਨਾਂ ਨੂੰ ਸਥਾਨਕ ਸਰਕਾਰਾਂ ਦੇ ਰੂਪ 'ਚ ਵਿਕਸਤ ਕਰਨ ਲਈ, ਆਤਮ ਨਿਰਭਰ ਬਨਾਉਣ ਲਈ, ਕੇਂਦਰੀ ਤੇ ਸੂਬਾ ਸਰਕਾਰਾਂ ਨੂੰ ਪਹਿਲ ਕਦਮੀ ਕਰਨੀ ਹੀ ਪਵੇਗੀ, ਉਹਨਾਂ ਨੂੰ ਵਿੱਤੀ ਸਾਧਨ ਜੁਟਾਉਣ ਲਈ ਉਤਸ਼ਾਹਤ ਕਰਨਾ ਹੀ ਹੋਵੇਗਾ। ਪੰਚਾਇਤਾਂ ਦੇ ਹੱਕ ਬਹਾਲ ਕਰਨਾ, ਉਹਨਾਂ ਨੂੰ ਸੁਤੰਤਰ ਰੂਪ ਵਿੱਚ ਕੰਮ ਕਰਨ ਦੇਣ ਨਾਲ ਹੀ ਪੰਚਾਇਤਾਂ ਸਹੀ ਕੰਮ ਕਰ ਸਕਣਗੀਆਂ।

# ਸਿਆਸੀ ਚੰਦੇ ਦਾ ਸਰੋਤ

ਮੂਲ- ਜਗਦੀਪ ਐਸ ਸ਼ੋਕਰ, ਸੰਸਥਾਪਕ ਈ ਡੀ ਆਰ
ਪੰਜਾਬੀ ਰੂਪ- ਗੁਰਮੀਤ ਪਲਾਹੀ

ਹੁਣੇ ਈ ਡੀ ਆਰ (ਐਸੋਸੀਏਸ਼ਨ ਫਾਰ ਡੈਮੋਕਰੇਟਿਵ ਰਿਫਾਰਮਸ) ਨੇ ਇਹੋ ਜਿਹੀ ਕਈ ਰਿਪੋਰਟਾਂ ਜਾਰੀ ਕੀਤੀਆਂ ਹਨ, ਜੋ ਦੱਸਦੀਆਂ ਹਨ ਕਿ ਸਿਆਸੀ ਚੰਦੇ ਦੇ ਮਾਮਲੇ ਵਿੱਚ ਬਿਲਕੁਲ ਵੀ ਸ਼ੀਸ਼ੇ ਵਾਂਗਰ ਸਾਫ਼ ਨਹੀਂ ਹਨ। ਸਿਆਸੀ ਦਲਾਂ ਨੂੰ ਬਹੁਤਾ ਚੰਦਾ ਅਗਿਆਤ ਸ੍ਰੋਤਾਂ ਤੋਂ ਮਿਲਦਾ ਹੈ, ਜੋ ਦੇਸ਼ ਵਿੱਚ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦਾ ਇਕ ਵੱਡਾ ਕਾਰਨ ਹੈ। ਆਮਦਨ ਕਰ ਕਾਨੂੰਨ ਦੀ ਧਾਰਾ 13 ਏ ਦੇ ਅਧੀਨ ਸਿਆਸੀ ਪਾਰਟੀਆਂ ਨੂੰ ਆਮਦਨ ਤੋਂ ਪੂਰੀ ਦੀ ਪੂਰੀ ਛੋਟ ਮਿਲੀ ਹੋਈ ਹੈ। ਪਰ ਇਸਦੇ ਲਈ ਉਹਨਾਂ ਨੂੰ ਵੀਹ ਹਜ਼ਾਰ ਤੋਂ ਜਿਆਦਾ ਦੇ ਚੰਦੇ ਬਾਰੇ ਪੂਰੀ ਸੂਚਨਾ ਦੇਣੀ ਪੈਂਦੀ ਹੈ।

ਸਾਲ 2008 ਵਿੱਚ ਹੀ ਅਸੀਂ ਸੂਚਨਾ ਅਧਿਕਾਰ ਕਾਨੂੰਨ ਰਾਹੀਂ ਸਿਆਸੀ ਦਲਾਂ ਦੀ ਆਮਦਨ ਕਰ ਰਿਟਰਨ ਦੀ ਕਾਪੀ ਹਾਸਿਲ ਕੀਤੀ ਸੀ, ਜਿਸਤੋਂ ਪਤਾ ਲੱਗਾ ਕਿ ਸਿਆਸੀ ਦਲ ਸੈਂਕੜੇ ਅਤੇ ਹਜ਼ਾਰਾਂ ਕਰੋੜ ਰੁਪਏ ਦੀ ਆਮਦਨ ਇਨਕਮ ਟੈਕਸ ਵਿੱਚ ਦਿਖਾਉਂਦੇ ਹਨ, ਪਰ ਸਰਕਾਰ ਨੂੰ ਆਮਦਨ ਕਰ ਨਹੀਂ ਦਿੰਦੇ। ਫਿਰ ਅਸੀਂ ਚੋਣ ਆਯੋਗ ਤੋਂ ਇਹ ਜਾਣਕਾਰੀ ਮੰਗੀ ਕਿ ਸਿਆਸੀ ਦਲਾਂ ਦੇ ਵੀਹ ਹਜ਼ਾਰ ਰੁਪਏ ਤੋਂ ਜਿਆਦਾ ਦੇ ਚੰਦੇ ਦੀ ਜਾਣਕਾਰੀ ਦਿੱਤੀ ਜਾਵੇ। ਚੋਣ ਆਯੋਗ ਵਲੋਂ ਦਿੱਤੀ ਜਾਣਕਾਰੀ ਤੋਂ ਪਤਾ ਚੱਲਿਆ ਕਿ ਸਾਰੇ ਦਲ ਆਪਣੀ ਰਿਪੋਰਟ ਵਿੱਚ ਵੀਹ ਹਜ਼ਾਰ ਦਾ ਜੋ ਚੰਦਾ ਦਿਖਾਉਂਦੇ ਹਨ ਉਹ ਉਹਨਾਂ ਦੀ ਪੂਰੀ ਆਮਦਨ ਦਾ 20 ਤੋਂ 25 ਫੀਸਦੀ ਹਿੱਸਾ ਹੁੰਦਾ ਹੈ। ਜਾਨੀ 75 ਤੋਂ 80 ਫੀਸਦੀ ਚੰਦਾ ਉਹਨਾਂ ਨੂੰ ਆਗਿਆਤ ਸਰੋਤਾਂ ਤੋਂ ਮਿਲਦਾ ਹੈ। ਇਸਦਾ ਕਾਰਨ ਪੀਪਲਜ ਰੀਪਰੇਜੈਨਟੇਸ਼ਨ ਐਕਟ ਹੈ, ਜਿਸਦੇ ਅਨੁਸਾਰ ਵੀਹ ਹਜ਼ਾਰ ਤੋਂ ਜਿਆਦਾ ਚੰਦੇ ਦੇ ਸਬੰਧ ਵਿੱਚ ਪਾਰਟੀਆਂ ਨੂੰ ਦਾਨ ਦਾਤਿਆਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ, ਲੇਕਿਨ ਉਸ ਤੋਂ ਘੱਟ ਚੰਦੇ ਦੇ ਬਾਰੇ ਵਿੱਚ ਕੋਈ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ। ਇਸ ਦਾ ਫਾਇਦਾ ਸਿਆਸੀ ਦਲ ਉਠਾਉਂਦੇ ਹਨ।

ਇਸਨੂੰ ਠੀਕ ਕਰਨ ਦਾ ਇਕ ਹੀ ਢੰਗ ਹੈ ਕਿ ਸਿਆਸੀ ਦਲਾਂ ਨੂੰ ਚਾਹੇ ਦੋ ਰੁਪਏ ਦਾ ਚੰਦਾ ਹੀ ਕਿਉਂ ਨਾ ਮਿਲੇ, ਉਸਦੇ ਬਾਰੇ ਵੀ ਜਾਣਕਾਰੀ ਦੇਣ ਲਈ ਜ਼ਰੂਰੀ ਕਰਾਰ ਦਿੱਤਾ ਜਾਵੇ ਕਿ ਇਹ ਰਕਮ ਕਿਸ ਤੋਂ ਮਿਲੀ ਹੈ? ਬਜਟ ਭਾਸ਼ਣ ਵੇਲੇ ਵਿਤ ਮੰਤਰੀ ਨੇ ਕਿਹਾ ਕਿ ਅਸੀ ਸਿਆਸੀ ਦਲਾਂ ਨੂੰ ਮਿਲਦੇ ਚੰਦੇ 'ਚ ਪਾਰਦਰਸ਼ਤਾ ਲਿਆਉਣਾ ਚਾਹੁੰਦੇ ਹਾਂ। ਉਹਨਾਂ ਨੇ ਢੰਗ ਸੁਝਾਇਆ ਕਿ ਹੁਣ ਦੋ ਹਜ਼ਾਰ ਦਾ ਚੰਦਾ ਵੀ ਨਕਦ ਕਿਉਂ? ਦੂਸਰੀ ਗੱਲ ਇਹ ਕਿ ਸਰਕਾਰ ਵਾਰ ਵਾਰ ਇਹ ਦਾਅਵਾ ਕਰ ਰਹੀ ਹੈ ਕਿ ਵੀਹ ਹਜ਼ਾਰ ਦੀ ਹੱਦ ਨੂੰ ਦੋ ਹਜ਼ਾਰ ਕਰ ਦਿੱਤਾ ਹੈ। ਲੇਕਿਨ ਇਹ ਗਲਤ ਹੈ ਕਿਉਂਕਿ ਦੋ ਹਜ਼ਾਰ ਰੁਪਏ ਜਾਂ 19 ਹਜ਼ਾਰ ਰੁਪਏ ਤੱਕ ਦਾ ਚੰਦਾ ਵੀ ਜੇਕਰ ਚੈਕ ਨਾਲ ਜਾਂ ਇਲੈਕਟ੍ਰੋਨਿਕ ਤਰੀਕੇ ਨਾਲ ਲੈਂਦੇ ਹਨ ਤਾਂ ਤੁਹਾਨੂੰ ਹੁਣ ਵੀ ਚੋਣ ਆਯੋਗ ਨੂੰ ਇਸਨੂੰ ਦਿਖਾਉਣ ਦੀ ਜ਼ਰੂਰਤ ਨਹੀਂ ਹੈ ਤਾਂ ਇਹ ਕਿਹੋ ਜਿਹੀ ਪਾਰਦਰਸ਼ਤਾ ਹੋਈ?

ਵਿੱਤ ਮੰਤਰੀ ਨੇ ਇਲੈਕਟੋਰਲ ਬਾਂਡ ਜਾਰੀ ਕਰਨ ਦੀ ਗੱਲ ਕੀਤੀ, ਪਰ ਉਸ ਵਿੱਚ ਸਿਆਸੀ ਚੰਦੇ ਵਿਚ ਪਾਰਦਰਸ਼ਤਾ ਵਧਣ ਦੀ ਬਜਾਏ ਘੱਟਣ ਦੀ ਅਸ਼ੰਕਾ ਹੈ। ਹੁਣ ਤੱਕ ਇਸ ਸਕੀਮ ਦੀ ਵਿਸਥਾਰਪੂਰਬਕ ਜਾਣਕਾਰੀ ਦਿੱਤੀ ਨਹੀਂ ਗਈ ਹੈ, ਪਰ ਜੋ ਜਾਣਕਾਰੀਆਂ ਸਾਹਮਣੇ ਆਈਆਂ ਹਨ, ਉਹਨਾ ਦੇ ਮੁਤਾਬਿਕ, ਹੁਣ ਅਗਰ ਸਿਆਸੀ ਪਾਰਟੀਆਂ ਨੂੰ ਆਪ ਚੰਦਾ ਦੇਣਾ ਚਾਹੁੰਦੇ ਹੋ, ਤਾਂ ਨਾਮੀ ਸਰਵਜਨਕ ਬੈਂਕਾਂ ਤੋਂ ਇਲੈਕਟੋਰਲ ਬਾਂਡ ਖਰੀਦ ਸਕਦੇ ਹੋ। ਵਿੱਤ ਮੰਤਰੀ ਦੇ ਅਨੁਸਾਰ ਇਹ ਬੇਅਰਰ ਬਾਂਡ ਦੀ ਤਰ੍ਹਾਂ ਹੋਏਗਾ, ਜਿਸ ਵਿੱਚ ਦਾਨ ਦਾਤਾ ਦੀ ਪਛਾਣ ਦੱਸੀ ਨਹੀਂ ਜਾਏਗੀ। ਕਹਿਣ ਦਾ ਭਾਵ ਇਹ ਕਿ ਬਾਂਡ ਜਿਸ ਦੇ ਹੱਥ ਹੋਏਗਾ, ਉਹੀ ਉਸਦਾ ਮਾਲਕ ਹੋਏਗਾ। ਇਸਨੂੰ ਤੁਸੀਂ ਕਿਸੇ ਵੀ ਸਿਆਸੀ ਦਲ ਨੂੰ ਦੇ ਸਕਦੇ ਹੋ ਅਤੇ ਸਿਆਸੀ ਦਲ ਉਸਨੂੰ ਆਪਣੇ ਪ੍ਰੀ-ਡੇਜੀਗਨੇਟਿਡ ਖਾਤੇ ਵਿੱਚ ਜਮ੍ਹਾਂ ਕਰਾ ਸਕਦਾ ਹੈ। ਉਸ ਸਿਆਸੀ ਦਲ ਤੋਂ ਵੀ ਇਹ ਪੁੱਛਿਆ ਨਹੀਂ ਜਾਏਗਾ ਕਿ ਉਸਨੂੰ ਇਹ ਇਲੈਕਟੋਰਲ ਬਾਂਡ ਕਿਸਨੇ ਦਿੱਤਾ ਅਤੇ ਇਲੈਕਟੋਰਲ ਬਾਂਡ ਖਰੀਦਣ ਵਾਲੇ ਵਿਅਕਤੀ ਲਈ ਵੀ ਇਹ ਦੱਸਣਾ ਜ਼ਰੂਰੀ ਨਹੀਂ ਕਿ ਉਸਨੇ ਇਹ ਬਾਂਡ ਕਿਸ ਦਲ ਨੂੰ ਦਿੱਤੇ। ਇਹੋ ਜਿਹੀ ਹਾਲਤ ਵਿੱਚ ਇਹ ਪਤਾ ਨਹੀਂ ਲੱਗ ਸਕਦਾ ਕਿ ਇਲੈਕਟੋਰਲ ਬਾਂਡ ਦਾ ਪੈਸਾ ਕਿਸਨੇ ਅਤੇ ਕਿਸਨੂੰ ਦਿੱਤਾ ਗਿਆ ਅਤੇ ਇਸ ਲੈਣ-ਦੇਣ ਵਿੱਚ ਵਿਚ-ਵਿਚਾਲੇ ਕਿਹੜੇ ਸੌਦੇ ਬਾਜੀ ਹੋਈ। ਅਗਰ ਕਿਸੇ ਨੂੰ ਬਾਂਡ ਖਰੀਦਣ ਵਾਲੇ ਵਿਅਕਤੀ ਦੇ ਬਾਰੇ ਪਤਾ ਚੱਲੇਗਾ ਤਾਂ ਉਹ ਬੈਂਕ ਹੈ। ਕਿਉਂਕਿ ਪੰਜਾਹ ਹਜ਼ਾਰ ਰੁਪਏ ਤੋਂ ਜ਼ਿਆਦਾ ਲੈਣ-ਦੇਣ ਦੀ ਜਾਣਕਾਰੀ ਬੈਂਕਾਂ ਨੂੰ ਰਿਜਰਵ ਬੈਂਕ ਨੂੰ ਦੇਣੀ ਹੁੰਦੀ ਹੈ, ਇਸ ਲਈ ਰਿਜਰਵ ਬੈਂਕ ਨੂੰ ਪਤਾ ਚੱਲ ਸਕਦਾ ਹੈ ਅਤੇ ਉਸਦੇ ਰਾਹੀਂ ਸਰਕਾਰ ਜਾਂ ਹਾਕਮ ਦਲ ਨੂੰ ਪਤਾ ਚੱਲ ਸਕਦਾ ਹੈ। ਇਸ ਵਿੱਚ ਇਹ ਵੀ ਹੋ ਸਕਦਾ ਹੈ ਕਿ ਅਗਰ ਆਪ ਨੇ ਦਿਨ ਵਿੱਚ ਇਕ ਜਾਂ ਦੋ ਵਜੇ ਬਾਂਡ ਖਰੀਦਿਆ, ਤਾਂ ਸ਼ਾਮ ਤੱਕ ਸਰਕਾਰ ਨੂੰ ਇਸਦਾ ਪਤਾ ਚੱਲ ਜਾਵੇ ਅਤੇ ਫਿਰ ਸਰਕਾਰ ਵਲੋਂ ਆਪਣੇ ਘਰ ਫੋਨ ਆ ਜਾਏ ਕਿ ਆਪ ਨੇ ਜੋ ਬਾਂਡ ਖਰੀਦਿਆ ਹੈ, ਉਹ ਕਿਥੇ ਹੈ? ਉਸਨੂੰ ਸਾਡੀ ਪਾਰਟੀ ਨੂੰ ਦਿਉ, ਨਹੀਂ ਤਾਂ ਆਪਦੇ ਖਿਲਾਫ਼ ਜਾਂਚ-ਪੜਤਾਲ ਬਿਠਾਈ ਜਾਏਗੀ। ਇਲੈਕਟੋਰਲ ਬਾਂਡ ਦੇ ਨਾਲ ਦਿੱਕਤ ਇਹ ਹੈ ਕਿ ਇਸ ਵਿੱਚ ਕਿਸੇ ਨੂੰ ਇਹ ਪਤਾ ਨਹੀਂ ਚੱਲੇਗਾ ਕਿ ਕੌਣ, ਕਿਸਨੂੰ ਅਤੇ ਕਿੰਨਾ ਪੈਸਾ ਦੇ ਰਿਹਾ ਹੈ ਅਤੇ ਜਿਸਨੂੰ ਇਸ ਬਾਰੇ ਪਤਾ ਚੱਲੇਗਾ, ਉਹੀ ਇਸਦਾ ਫਾਇਦਾ ਉਠਾਏਗਾ। ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਸ ਵਿੱਚ ਪਾਰਦਰਸ਼ਤਾ ਆਏਗੀ ਜਾਂ ਗੈਰ-ਪਾਰਦਰਸ਼ਤਾ ਵਧੇਗੀ!

ਕਹਿਣ ਦਾ ਭਾਵ ਇਹ ਹੈ ਕਿ ਸਾਰੇ ਸਿਆਸੀ ਦਲਾਂ ਦੇ ਚੰਦੇ 'ਚ ਗੜਬੜੀਆਂ ਦਿਸਦੀਆਂ ਹਨ। ਇਸੇ ਕਾਰਨ ਜਦ ਅਸੀਂ ਸੂਚਨਾ ਦੇ ਅਧਿਕਾਰ ਕਾਨੂੰਨ ਦੇ ਤਹਿਤ ਪ੍ਰਮੁੱਖ ਸਿਆਸੀ ਦਲਾਂ ਦੇ ਅਗਿਆਤ ਸਰੋਤਾਂ ਤੋਂ ਮਿਲਣ ਵਾਲੇ ਚੰਦੇ ਦੇ ਸਰੋਤਾਂ ਦਾ ਨਾਮ ਦੱਸਣ ਲਈ ਕਿਹਾ ਤਾਂ ਸਭਨਾਂ ਨੇ ਇਹ ਕਹਿੰਦੇ ਹੋਏ ਇਨਕਾਰ ਕਰ ਦਿੱਤਾ ਕਿ ਅਸੀਂ ਸੂਚਨਾ ਦੇ ਅਧਿਕਾਰ ਦੇ ਦਾਇਰੇ ਵਿੱਚ ਹੀ ਨਹੀਂ ਆਉਂਦੇ। ਫਿਰ ਅਸੀਂ ਸਿਆਸੀ ਦਲਾਂ ਦੇ ਪਬਲਿਕ ਅਥਾਰਟੀ ਹੋਣ ਦੇ ਮਿਲਦੇ ਜ਼ਰੂਰੀ ਸਬੂਤ ਦੇਣ ਬਾਰੇ ਲਿਖਿਆ।

ਸੀ ਆਈ ਸੀ ਨੇ ਇਹ ਫੈਸਲਾ ਦਿੱਤਾ ਕਿ ਛੇ ਰਾਸ਼ਟਰੀ ਦਲ ਪਬਲਿਕ ਅਥਾਰਟੀ ਹਨ ਅਤੇ ਉਹਨਾਂ ਨੂੰ ਆਪਣੇ ਚੰਦੇ ਦੇ ਬਾਰੇ ਸੂਚਨਾ ਦੇਣੀ ਪਵੇਗੀ। ਲੇਕਿਨ ਸਿਆਸੀ ਦਲਾਂ ਨੇ ਉਹਨਾ ਦੇ ਫੈਸਲੇ ਨੂੰ ਮੰਨਣ ਤੋਂ ਇਨਕਾਰ ਦਿਤਾ। ਬਾਅਦ ਵਿਚ ਮੁੱਖ ਚੋਣ ਆਯੋਗ (ਸੀ ਈ ਸੀ) ਨੇ ਕਿਹਾ ਕਿ ਅਸੀਂ ਆਪਣੇ ਹੀ ਫੈਸਲੇ ਨੂੰ ਲਾਗੂ ਨਹੀਂ ਕਰਵਾ ਸਕਦੇ। ਇਸਦੇ ਬਾਅਦ ਅਸੀਂ ਮਾਮਲੇ ਨੂੰ ਸੁਪਰੀਮ ਕੋਰਟ ਲੈ ਗਏ, ਉਥੇ ਇਹ ਮਾਮਲਾ ਲਟਕ ਰਿਹਾ ਹੈ। ਸਿਆਸੀ ਦਲਾਂ ਦੀ ਤਾਂ ਛੱਡੀਏ, ਆਪ ਭਾਰਤ ਸਰਕਾਰ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਦੱਸਿਆ ਹੈ ਕਿ ਸਿਆਸੀ ਦਲਾਂ ਉਤੇ ਸੂਚਨਾ ਦਾ ਅਧਿਕਾਰ ਕਾਨੂੰਨ (ਆਰ ਟੀ ਆਈ) ਲਾਗੂ ਨਹੀਂ ਹੋਣਾ ਚਾਹੀਦਾ।

ਕਹਿਣ ਦਾ ਭਾਵ ਇਹ ਕਿ ਸਿਆਸੀ ਦਲ ਆਪਣੇ ਚੰਦੇ ਬਾਰੇ ਕੋਈ ਸੂਚਨਾ ਦੇਣ ਨੂੰ ਤਿਆਰ ਨਹੀਂ ਹਨ। ਇਸਤੋਂ ਇਹ ਸ਼ੱਕ ਪੈਂਦਾ ਹੁੰਦਾ ਹੈ ਕਿ ਕੁਝ ਨਾ ਕੁਝ ਗੜਬੜ ਜ਼ਰੂਰ ਹੈ। ਹੁਣ ਇਸਦਾ ਇੱਕ ਹੀ ਢੰਗ ਤਰੀਕਾ ਹੈ ਕਿ ਦੇਸ਼ ਦੀ ਜਨਤਾ, ਮੀਡੀਆ ਅਤੇ ਅਦਾਲਤਾਂ, ਸਿਆਸੀ ਦਲਾਂ ਉਤੇ ਦਬਾਅ ਬਣਾਉਣ ਤਾਂ ਕਿ ਸਿਆਸੀ ਵਰਗ ਚੋਣ ਸੁਧਾਰਾਂ ਦੀ ਦਿਸ਼ਾ ਵਿੱਚ ਕਦਮ ਵਧਾਉਣ।

## ਲੀਡਰ ਤੋਂ ਘਬਰਾਇਆ ਬੰਦਾ



ਕਰਕੇ ਖਰਚ ਬਥੇਰੇ ਪੈਸੇ ਮੰਗਲਯਾਨ ਬਣਾਇਆ ਏ।
ਥੱਲੇ ਮਸਲੇ ਹੱਲ ਨਾ ਹੋਏ ਉੱਤੇ ਮੱਥਾ ਲਾਇਆ ਏ।

ਰੁੱਖ ਵਿਚਾਰੇ ਜੜ੍ਹ ਤੋਂ ਪੁੱਟੇ, ਪਾਣੀ ਮੈਲਾ ਕੀਤਾ ਹੈ,
ਉੱਤੋਂ ਵੇਖ ਸਫਾਈ ਵਾਲਾ ਕੀ ਅਭਿਆਨ ਚਲਾਇਆ ਏ।

ਨੋਟ ਕਮਾਵਣ ਲੱਗੇ ਲੀਡਰ ਧੋਖੇਬਾਜੀ ਕਰਨ ਬੜੀ,
ਲਾਰੇ ਲਾ ਲਾ ਝੂਠੇ ਇਹਨਾਂ ਲੋਕਾਂ ਨੂੰ ਭਰਮਾਇਆ ਏ।

ਪਾ ਕੇ ਬਾਣੇ ਭਗਵੇਂ ਬਿਜਨਸ ਮੈਨ ਬਣੇ ਨੇ ਬਾਬੇ ਵੀ,
ਇਲਮ ਚਕਿਤਸਾ ਵਾਲਾ ਇਹਨਾਂ ਕਿਸ ਕਾਲਜ ਤੋਂ ਪਾਇਆ ਏ?

ਤੁਬਕਾ ਤੁਬਕਾ ਖ਼ੂਨ ਵਹਾ ਕੇ ਇਹ ਆਜਾਦੀ ਪਾਈ ਹੈ,
ਦੇਸ਼ ਨਸ਼ੇ ਤੇ ਬੇਰੁਜ਼ਗਾਰੀ ਨੇ ਹੁਣ ਮਾਰ ਮੁਕਾਇਆ ਏ।

ਭੇਡਾਂ ਵਾਂਗੂੰ ਇਕ ਦੂਜੇ ਦੇ ਮਗਰ ਚਲੇ ਨੇ ਸਾਰੇ ਕਿਉਂ?
ਥਾਂ ਥਾਂ ਸਿਰ ਝੁਕਾ ਕੇ ਇਹਨਾਂ ਜੀਵਨ ਨਰਕ ਬਣਾਇਆ ਏ।

ਧਰਮ ਦੁਆਰਾਂ ਤੇ ਤਾਂ ਲੋਕੀ ਸੇਵਾ ਨਿਸ਼ਠਾ ਨਾਲ ਕਰਨ,
ਜ਼ਖਮੀ ਬੰਦੇ ਨੂੰ ਪਰ ਦੱਸੋ ਕਿਹਨੇ ਆਣ ਬਚਾਇਆ ਏ?

ਬਹੁਤ ਬਿਸ਼ੰਬਰ ਵਿਗੜ ਗਿਆ ਹੈ ਸਿਸਟਮ ਏਸ ਸਿਆਸਤ ਦਾ,
ਹੁਣ ਤਾਂ ਬੰਦਾ ਦੁਸ਼ਮਣ ਨਾਲੋਂ ਲੀਡਰ ਤੋਂ ਘਬਰਾਇਆ ਏ।

**- ਬਿਸ਼ੰਬਰ ਅਵਾਂਖੀਆ** (91-97818-25255)

# ਇਕ ਜਗਤਾਰ ਇਹ ਵੀ ਸੀ



**ਪਰਬਿੰਦਰ ਸਿੰਘ**
**ਸੈਨ ਲੀਆਂਦਰੋ ਕੈਲੀਫੋਰਨੀਆ**
1-209-328-3316


**(ਦੂਜੀ ਕਿਸਤ)**

ਆਉਣ ਵਾਲੇ ਸਮੇਂ ਵਿਚ ਕਿੱਸਾ ਕਵਿਤਾ ਪੜ੍ਹਾਉਣੀ ਔਖੀ ਹੋ ਜਾਵੇਗੀ। ਜਗਤਾਰ ਕਹਿਣ ਲੱਗਾ 'ਇਹ ਕੰਮ ਬਹੁਤ ਮਿਹਨਤ ਮੰਗਦਾ ਹੈ। ਇਹ ਤਾਂ ਕੋਈ ਯੂਨੀਵਰਸਿਟੀ ਹੀ ਯਤਨ ਕਰੇ ਤਾਂ ਹੋ ਸਕਦਾ ਹੈ। ਮੈਂ ਕਿਹਾ ਜੇ ਯੂਨੀਵਰਸਿਟੀ ਵਾਲੇ ਤੁਹਾਨੂੰ ਅਜਿਹਾ ਕੋਸ਼ ਬਣਾਉਣ ਲਈ ਕਹਿਣ ਤਾਂ ਬਣਾ ਦਿਓਗੇ। ਕੁਝ ਸੋਚਣ ਤੋਂ ਬਾਅਦ ਜਗਤਾਰ ਨੇ 'ਹਾਂ' ਕਰ ਦਿੱਤੀ। ਮੈਂ ਡਾ. ਪੁਆਰ ਜੋ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ ਅਤੇ ਭਾਸ਼ਾ ਦੀ ਤਰੱਕੀ ਲਈ ਸ਼ਬਦ ਕੋਸ਼ਾਂ ਦੀ ਮਹੱਤਤਾ ਤੋਂ ਜਾਣੂ ਸਨ- ਨੂੰ ਬੇਨਤੀ ਕੀਤੀ ਕਿ ਕੋਈ ਉਰਦੂ ਫਾਰਸੀ ਦਾ ਸ਼ਬਦਕੋਸ਼ ਬਣਵਾਓ ਤਾਂ ਕਿ ਭਵਿੱਖ ਵਿਚ ਕਿੱਸਾ-ਕਾਵਿ ਨੂੰ ਠੀਕ ਤਰ੍ਹਾਂ ਸਮਝਿਆ ਜਾ ਸਕੇ। ਉਹਨਾਂ ਕਿਹਾ ਕਿ ਕੌਣ ਹੈ ਜੋ ਅਜਿਹਾ ਸ਼ਬਦਕੋਸ਼ ਬਣਾ ਸਕਦਾ ਹੈ। ਮੈਂ ਇੱਕਦਮ ਡਾ. ਜਗਤਾਰ ਦਾ ਨਾਂ ਲੈ ਦਿੱਤਾ। ਉਹ ਗੰਭੀਰ ਹੋ ਕੇ ਕਹਿਣ ਲੱਗੇ ਕਿ ਉਹ ਇਹ ਕੰਮ ਕਰ ਦੇਵੇਗਾ। ਮੈਂ 'ਹਾਂ' ਵਿਚ ਸਿਰ ਹਿਲਾਇਆ। ਡਾ. ਪੁਆਰ ਨੇ ਇਹ ਪ੍ਰਾਜੈਕਟ ਯੂਨੀਵਰਸਿਟੀ ਵੱਲੋਂ ਡਾ. ਜਗਤਾਰ ਨੂੰ ਅਲਾਟ ਕਰ ਦਿੱਤਾ। ਡਾ. ਜਗਤਾਰ ਨੇ ਵੀ ਨਿੱਠ ਕੇ ਕੰਮ ਕੀਤਾ। ਉਸ ਦੁਆਰਾ ਕੀਤਾ ਇਹ ਬਹੁਮੁੱਲਾ ਕੰਮ ਪੰਜਾਬੀ ਯੂਨੀਵਰਸਿਟੀ ਵੱਲੋਂ ਛਪ ਕੇ ਅੱਜ ਮਾਰਕੀਟ ਵਿਚ ਉਪਲਬਧ ਹੈ।

ਮੈਂ ਜਗਤਾਰ ਦੇ ਕੰਮ ਕਰਨ ਦੇ ਅੰਦਾਜ਼ ਵਿਚ ਇਕ ਤਰਤੀਬ, ਇਕ ਸਲੀਕਾ ਵੇਖਿਆ ਹੈ। ਉਹ ਕੰਮ ਚਾਹੇ ਸਾਹਿਤ ਰਚਣ ਨਾਲ ਸਬੰਧ ਰੱਖਦਾ ਹੋਵੇ, ਚਾਹੇ ਖਤਾਂ ਦੇ ਜਵਾਬ ਦੇਣ ਨਾਲ, ਚਾਹੇ ਰਸੋਈ ਵਿਚ ਭਾਂਡੇ ਥਾਂ ਸਿਰ ਰੱਖਣੇ ਹੋਣ, ਚਾਹੇ ਮੰਜੇ ਉਪਰਲਾ ਬਿਸਤਰੇ ਨੂੰ ਤਹਿ ਕਰਕੇ ਸਾਫ ਸੁਥਰੇ ਤਰੀਕੇ ਨਾਲ ਰੱਖਣਾ ਹੋਵੇ- ਮੈਂ ਜਿਹਨਾਂ ਦਿਨਾਂ ਦੀ ਗੱਲ ਕਰਦਾ ਹਾਂ, ਉਦੋਂ ਜਗਤਾਰ ਇਕੱਲਾ ਹੀ ਹੁਸ਼ਿਆਰਪੁਰ ਰਹਿੰਦਾ ਸੀ ਅਤੇ ਰੋਟੀ ਟੁੱਕ ਵੀ ਆਪ ਹੀ ਕਰਦਾ ਸੀ। ਉਹ ਆਪਣੇ ਕੱਪੜੇ ਹੀ ਵਧੀਆ ਤੇ ਮੈਚਿੰਗ ਨਹੀਂ ਸੀ ਪਾਉਂਦਾ ਸਗੋਂ ਹਰ ਸਾਲ ਆਪਣੀ ਰਜਾਈ ਦਾ ਉਛਾੜ ਵੀ ਨਵਾਂ ਸ਼ਨੀਲ ਦਾ ਬਣਵਾਉਂਦਾ ਸੀ। ਅਸੀਂ ਜਦੋਂ ਕਦੇ ਵੀ ਬਜ਼ਾਰ ਵਿਚ ਘੁੰਮਣ ਜਾਣਾ ਤਾਂ ਉਹ ਜਾਂ ਤਾਂ ਆਪਣੇ ਲਈ ਪੈਂਟ, ਕਮੀਜ਼ ਜਾਂ ਸੂਟ ਦਾ ਕੱਪੜਾ ਵੇਖਦਾ ਤੇ ਜਾਂ ਕੋਈ ਘਰ ਸਜਾਉਣ ਲਈ ਡੈਕੋਰੇਸ਼ਨ ਪੀਸ ਵੇਖ ਰਿਹਾ ਹੁੰਦਾ। ਡੈਕੋਰੇਸ਼ਨ ਪੀਸ ਕਿੰਨਾ ਮਹਿੰਗਾ ਹੈ, ਇਸਦੀ ਉਹ ਕਦੇ ਪਰਵਾਹ ਨਹੀਂ ਸੀ ਕਰਦਾ, ਸ਼ਰਤ ਇਹੀ ਸੀ ਕਿ ਉਸਨੂੰ ਪਸੰਦ ਆ ਜਾਵੇ। ਚਾਰ ਪੰਜ ਹਜ਼ਾਰ ਰੁਪਇਆ ਇਸ ਉਪਰ ਖਰਚ ਦੇਣਾ ਉਸ ਦਾ ਇਕ ਅਵੱਲਾ ਸ਼ੌਂਕ ਸੀ। ਜਿਹੜੇ ਮਿੱਤਰ, ਦੋਸਤ ਜਾਂ ਜਾਣਕਾਰੀ ਉਸਦੇ ਘਰ ਗਏ ਹਨ, ਉਹਨਾਂ ਨੇ ਜ਼ਰੂਰ ਉਹ ਡੈਕੋਰੇਸ਼ਨ ਪੀਸ ਵੇਖੇ ਹੋਣਗੇ।

ਜਗਤਾਰ ਦੇ ਸੁਭਾਅ ਦਾ ਇਕ ਪੱਖ ਇਹ ਸੀ ਕਿ ਉਹ ਲੱਗਦੇ ਵ੍ਹਾ ਕਿਸੇ ਦੇ ਮਰਗ 'ਤੇ ਨਹੀਂ ਸੀ ਜਾਂਦਾ। ਉਹ ਕਹਿੰਦਾ ਸੀ ਕਿ ਮੇਰਾ ਦਿਲ ਘਿਰਨ ਲੱਗ ਪੈਂਦਾ, ਕੁਝ ਅੰਦਰੋਂ ਟੁੱਟਣ ਲੱਗ ਜਾਂਦਾ ਹੈ। ਇਹੋ ਜਿਹੀਆਂ ਸਾਰੀਆਂ ਜ਼ਿੰਮੇਵਾਰੀਆਂ ਜਗਤਾਰ ਦੀ ਪਤਨੀ ਹੀ ਨਿਭਾਉਂਦੀ ਸੀ। ਰਿਸ਼ਤੇਦਾਰੀ ਦੇ ਬਹੁਤੇ ਕਾਰ ਵਿਹਾਰ ਵੀ ਜਗਤਾਰ ਦੀ ਪਤਨੀ ਦੇ ਜ਼ਿੰਮੇ ਹੀ ਸਨ। ਇੱਥੋਂ ਤੱਕ ਕਿ ਜਿਹਨਾਂ ਦਿਨਾਂ ਵਿਚ ਹੁਸ਼ਿਆਰਪੁਰ ਇਕੱਲਾ ਰਹਿੰਦਾ ਸੀ, ਉਹਨਾਂ ਦਿਨਾਂ ਵਿਚ ਬੱਚੀਆਂ ਦੀ ਪਰਵਰਿਸ਼ 'ਤੇ ਉਹਨਾਂ ਦੀ ਪੜ੍ਹਾਈ ਦੀ ਸਾਰੀ ਜ਼ਿੰਮੇਵਾਰੀ ਜਗਤਾਰ ਦੀ ਪਤਨੀ ਨੇ ਹੀ ਨਿਭਾਈ। ਇਕ ਵਾਰੀ ਮੈਂ ਜਗਤਾਰ ਨੂੰ ਛੇੜਨ ਲੱਗ ਪਿਆ ਕਿ ਤੁਸੀਂ ਲੇਖਕ ਲੋਕ ਆਪ ਤਾਂ ਮੌਜਾਂ ਕਰਦੇ ਹੋ ਤੇ ਜ਼ਿੰਮੇਵਾਰੀ ਸਾਰੀ ਘਰਦਿਆਂ ਨੂੰ ਦੇ ਛੱਡਦੇ ਹੋ। ਜਗਤਾਰ ਗੰਭੀਰ ਹੋ ਕੇ ਕਹਿਣ ਲੱਗਾ ''ਬਿੰਦਰ, ਤੂੰ ਸੱਚ ਮੰਨੀ ਜੇ ਮੈਂ ਅੱਜ ਲੇਖਕ ਹਾਂ, ਮੇਰਾ ਕੋਈ ਮੁਕਾਮ ਹੈ ਤਾਂ ਇਸ ਦਾ ਸਿਹਰਾ ਮੇਰੀ ਪਤਨੀ ਗੁਰਬਚਨ ਨੂੰ ਹੀ ਜਾਂਦਾ ਹੈ। ਜੇ ਉਹ ਮੈਨੂੰ ਇਹਨਾਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਮੁਕਤ ਨਾ ਕਰਦੀ ਤਾਂ ਨਿਰਸੰਦੇਹ ਮੇਰਾ ਅੱਜ ਇਹ ਮੁਕਾਮ ਨਾ ਹੁੰਦਾ।' ਮੈਂ ਜਗਤਾਰ ਦਾ ਉਤਰ ਸੁਣ ਮਨ ਵਿਚ ਸੋਚ ਰਿਹਾ ਸੀ ਕਿ ਜਿਹੜੇ ਲੋਕ ਜਗਤਾਰ ਬਾਰੇ ਇਹ ਕਹਿੰਦੇ ਹਨ ਕਿ ਉਸਦੀ ਆਪਣੇ ਪਰਿਵਾਰ ਨਾਲ ਨਹੀਂ ਬਣਦੀ ਉਹ ਪਤਾ ਨਹੀਂ ਕਿਸ ਆਧਾਰ 'ਤੇ ਇਹੋ ਜਿਹੀਆਂ ਗੱਲਾਂ ਕਰਦੇ ਹਨ। ਜਦ ਬੱਚੀਆਂ ਦੀ ਕਾਲਜ ਦੀ ਪੜ੍ਹਾਈ ਸ਼ੁਰੂ ਹੋਈ ਤਾਂ ਜਗਤਾਰ ਨੇ ਪਰਿਵਾਰ ਨੂੰ ਹੁਸ਼ਿਆਰਪੁਰ ਬੁਲਾ ਲਿਆ। ਕਾਲਜ ਦੀ ਪੜ੍ਹਾਈ ਤੋਂ ਲੈ ਕੇ ਬੱਚੀਆਂ ਦੇ ਵਿਆਹ ਕਰਨ ਤੇ, ਉਸ ਤੋਂ ਪਿੱਛੋਂ ਆਪਣੇ ਅੰਤਲੇ ਸਮੇਂ ਤੱਕ ਜਗਤਾਰ ਨੇ ਬੱਚੀਆਂ ਨੂੰ ਪਿਆਰ ਤੇ ਉਹ ਸਭ ਕੁਝ ਦਿੱਤਾ ਜੋ ਇਕ ਚੰਗਾ ਬਾਪ ਦੇ ਸਕਦਾ ਹੈ। ਉਸਨੂੰ ਆਪਣੀਆਂ ਬੱਚੀਆਂ ਦੇ ਆਗਿਆਕਾਰ ਹੋਣ 'ਤੇ ਮਾਣ ਸੀ। ਮੈਂ ਸਮਝਦਾ ਹਾਂ ਕਿ ਕਈ ਵਾਰੀ ਅਸੀਂ ਲੋਕ ਕਿਸੇ ਦੀਆਂ ਇਕ ਦੋ ਸੁਣੀਆਂ-ਸੁਣਾਈਆਂ ਗੱਲਾਂ ਦੇ ਆਧਾਰ 'ਤੇ ਉਸ ਬਾਰੇ ਫਤਵੇ ਦੇਣ ਲੱਗ ਪੈਂਦੇ ਹਾਂ। ਕੀ ਇਹ ਠੀਕ ਹੈ?

ਇਹ ਇਕ ਆਮ ਜਿਹੀ ਧਾਰਨਾ ਹੈ ਕਿ ਸ਼ਾਇਰ ਲੋਕ ਇਸੇ ਤਾਕ ਵਿਚ ਰਹਿੰਦੇ ਹਨ ਕਿ ਕੋਈ ਸਰੋਤਾ ਮਿਲੇ ਤਾਂ ਉਸਨੂੰ ਆਪਣੀ ਕਵਿਤਾ ਸੁਣਾਉਣ। ਪਰ ਇਹ 'ਬਿਮਾਰੀ' ਜਗਤਾਰ ਨੂੰ ਬਿਲਕੁਲ ਨਹੀਂ ਸੀ। ਸ਼ਾਇਦ ਹੀ ਕਿਸੇ ਨੇ ਕਾਲਜ ਵਿਚ ਆਪਣੇ ਸਾਥੀ ਅਧਿਆਪਕਾਂ ਨੂੰ ਕਵਿਤਾ ਸੁਣਾਉਂਦਿਆਂ ਜਗਤਾਰ ਨੂੰ ਵੇਖਿਆ ਹੋਵੇ। ਪਰ ਇਹ ਦਾ ਇਹ ਮਤਲਬ ਨਹੀਂ ਕਿ ਉਸਨੂੰ ਬੋਲਣ ਦਾ ਸ਼ੌਂਕ ਨਹੀਂ ਸੀ। ਉਹ ਆਪਣੀ ਮਿੱਤਰ ਮੰਡਲੀ ਨੂੰ ਕੁਝ ਸੁਣਾਉਂਦਾ ਜ਼ਰੂਰ ਸੀ ਪਰ ਉਹ ਨਿਰਸੰਦੇਹ ਕਵਿਤਾ ਨਹੀਂ ਸੀ ਹੁੰਦੀ ਸਗੋਂ ਉਹ ਆਪਣੇ ਜੀਵਨ ਵਿਚ ਵਾਪਰਦੀਆਂ ਦਿਲਚਸਪ ਘਟਨਾਵਾਂ ਬਾਰੇ (ਅਸੀਂ ਹਮੇਸ਼ਾ ਸ਼ੰਕਾ ਹੀ ਕਰਦੇ ਰਹੇ ਕਿ ਉਹ ਕੋਲੋਂ ਬਣਾ-ਬਣਾ ਸੁਣਾਈ ਜਾਂਦਾ ਹੈ) ਜ਼ਿੰਦਗੀ ਵਿਚ, ਭੁਗਤੇ ਮੁਕੱਦਮਿਆਂ ਬਾਰੇ, ਵੇਖੇ ਕਿਲਿਆਂ ਬਾਰੇ ਤੇ ਉਹਨਾਂ ਨਾਲ ਜੁੜੀਆਂ ਕਥਾਵਾਂ ਬਾਰੇ, ਪੇਂਟਰਾਂ ਦੇ ਜੀਵਨ ਬਾਰੇ। ਦੋਸਤ ਇਕ ਤਰ੍ਹਾਂ ਨਾਲ ਚਾਹ ਦੀ ਮਹਿਫਲ ਵਿਚ ਜੁੜਦੇ ਹੀ ਇਸ ਲਈ ਸਨ ਕਿ ਜਗਤਾਰ ਦੀਆਂ ਗੱਲਾਂ ਸੁਣ ਸਕਣ। ਕਿਸੇ ਨੇ ਵੀ ਗੱਲ ਕਰਦਿਆਂ ਜੇ ਕਿਸੇ ਪਿੰਡ ਦਾ ਨਾਂ ਲੈਣਾ ਤਾਂ ਜਗਤਾਰ ਨੇ ਕਹਿਣਾ ਕਿ ਮੈਂ ਉਥੇ ਗਿਆ ਤੇ 'ਫਲਾਣੇ' ਨੂੰ ਮਿ-ਲਿਆ ਸੀ ਜਾਂ ਉਥੇ ਆਪਣਾ 'ਫਲਾਣਾ' ਜਾਣੂ ਹੈ। ਅਸੀਂ ਅਕਸਰ ਇਸ ਬਾਰੇ ਉਸਨੂੰ ਛੇੜਦੇ ਰਹਿੰਦੇ ਸਾਂ ਕਿ ਤੂੰ ਪੰਜਾਬ ਦਾ ਜੁ-ਗਰਾਫੀਆ ਘੋਟਾ ਲਾਇਆ ਹੋਇਆ ਹੈ ਤੇ ਬੰਦਿਆਂ ਦੇ ਨਾਂ ਕੋਲੋਂ ਹੀ ਲੈ ਦਿੰਦਾ ਹੈਂ। ਇਕ ਵਾਰੀ ਇਹ ਪਰਖਣ ਲਈ ਕਿ ਵਾਕਿਆ ਹੀ ਉਚ ਸੱਚ ਕਹਿੰਦਾ ਹੈ ਮੈਂ ਆਪਣੇ ਨਾਨਕੇ ਪਿੰਡ ਦਾ ਨਾਂ 'ਗੜ੍ਹ ਪੁਧਾਣਾ' ਲਿਆ ਤਾਂ ਉਹ ਝੱਟ ਦੇਣੀ ਬੋਲਿਆ ਮੈਂ ਉਥੇ ਗਿਆ ਹਾਂ। ਅਸੀਂ ਸਾਰੇ ਹੱਸ ਪਏ। ਉਹ ਕਹਿਣ ਲੱਗਾ, ਇਹ ਉਹੀ 'ਗੜ੍ਹ ਪਧਾਣਾ' ਹੈ ਜੋ ਔੜ ਤੋਂ ਰਾਹੋਂ ਨੂੰ ਜਾਂਦਿਆਂ ਰਾਹ ਵਿਚ ਆਉਂਦਾ ਹੈ। ਮੈਂ ਕਿਹਾ 'ਹਾਂ' ਪਰ ਤੂੰ ਦੱਸ ਕਿ ਤੂੰ ਉਥੇ ਗਿਆ ਕਿਹਨਾਂ ਦੇ ਸੀ? ਮੈਂ ਇਕ ਤਰ੍ਹਾਂ ਨਾਲ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਐਵੇਂ ਕੋਲੋਂ ਹੀ ਨਾਂ ਲੈ ਦਿੰਦਾ ਹੈ। ਉਹ ਕਹਿਣ ਲੱਗਾ ਪਿੰਡ ਵੜਦਿਆਂ ਖੱਬੇ ਪਾਸੇ ਵੱਡਾ ਸਾਰਾ ਘਰ ਹੈ ਕਾਮਰੇਡ ਚਰਨਜੀਤ ਸਿੰਘ ਥਾਂਦੀ ਦਾ, ਉਸਦਾ ਬਾਪ ਜ਼ੈਲਦਾਰ ਸੀ, ਉਹ ਆਪਣਾ ਮਿੱਤਰ ਹੈ ਤੇ ਸਾਡੇ ਪਿੰਡ ਦੇ ਕੋਲ ਰੁੜਕੇ ਅਣਖੀ ਦੇ ਆਉਂਦਾ ਹੁੰਦਾ ਸੀ। ਉਸਦਾ ਵਾਹਵਾ ਮਿੱਤਰ ਹੈ ਤੇ ਉਸ ਰਾਹੀਂ ਹੀ ਮੇਰਾ ਮਿੱਤਰ ਬਣਿਆ। ਮੈਂ ਉਸਦੇ ਮੂੰਹ ਵੱਲ ਹੀ ਵੇਖੀ ਗਿਆ ਕਿ ਇਹ ਬੰਦਾ ਹੈ ਜਾਂ ਕੋਈ ਜਿੰਨ ਜੋ ਸਭ ਨੂੰ ਜਾਣਦਾ ਹੈ, ਕਿਉਂਕਿ ਕਾਮਰੇਡ ਚਰਨਜੀਤ ਥਾਂਦੀ ਮੇਰਾ ਸਕਾ ਮਾਮਾ ਸੀ। ਮੈਂ ਉਠਿਆ ਤੇ ਉਠ ਕੇ ਜਗਤਾਰ ਦੇ ਗੋਡੀਂ ਹੱਥ ਲਾ ਕੇ ਕਿਹਾ, ਬਾਬਿਓ, ਤੁਸੀਂ ਵਾਕਈ ਗਰੇਟ ਹੋ।



ਆਮ ਬੋਲਚਾਲ ਵਿਚ ਜਗਤਾਰ ਬਹੁਤੀ ਰੱਖ-ਰਖਾ ਵਾਲੀ ਭਾਸ਼ਾ ਦਾ ਇਸਤੇਮਾਲ ਨਹੀਂ ਸੀ ਕਰਦਾ। ਜੇ ਮੈਂ ਦੁਨੀਆਂਦ-ਾਰੀ ਵਾਲੀ ਭਾਬਾ (ਜਿਸ ਵਿਚ ਆਮ ਤੌਰ 'ਤੇ ਝੂਠ ਤੇ ਲੇਪਾਪੋਚੀ ਵਧੇਰੇ ਹੁੰਦੀ ਹੈ) ਤੋਂ ਜਗਤਾਰ ਕੋਰਾ ਸੀ ਜਾਂ ਉਸ ਨੂੰ ਇਕ ਤਰ੍ਹਾਂ ਨਾਲ ਅਜਿਹੀ ਭਾਸ਼ਾ ਤੋਂ ਘ੍ਰਿਣਾ ਸੀ। ਜਿਸਨੂੰ ਆਪਣਾ ਕਹਿ ਲਿਆ ਉਸ ਨਾਲ ਫੇਰ ਰੱਖ-ਰਖਾ ਕਾਹਦਾ। ਉਹ ਇਸੇ ਵਿਚਾਰ ਦਾ ਹਾਮੀ ਸੀ।
ਅਸੀਂ ਇਕ ਵਾਰੀ ਚੰਡੀਗੜ੍ਹ ਸ. ਪ੍ਰੀਤਮ ਸਿੰਘ ਪੀ. ਸੀ. ਐਸ. ਨੂੰ ਉਹਨਾਂ ਦੇ ਘਰ ਮਿਲਣ ਗਏ। ਉਹ ਉਸ ਸਮੇਂ ਮੁੱਖ ਮੰਤਰੀ ਦੇ ਓ. ਐਸ. ਡੀ. ਸਨ। ਦਰਵਾਜ਼ੇ ਵਿਚ ਖੜ੍ਹ ਕੇ ਹੀ ਜਗਤਾਰ ਨੇ ਆਵਾਜ਼ ਮਾਰੀ 'ਪ੍ਰੀਤਮ ਸਿੰਘ, ਓ ਪ੍ਰੀਤਮ ਸਿੰਘ'। ਮੈਂ ਜਗਤਾਰ ਦੇ ਮੂੰਹ ਵੱਲ ਵੇਖਦਾ ਰਹਿ ਗਿਆ ਕਿਉਂਕਿ ਮੈਂ ਅਜਿਹੇ ਸੰਬੋਧਨ ਦੀ ਆਸ ਨਹੀਂ ਸੀ ਰੱਖ ਰਿਹਾ। ਪਰ ਅਸ਼ਕੇ ਜਾਵਾਂ ਪ੍ਰੀਤਮ ਸਿੰਘਹੁਣਾਂ ਦੇ ਜਿਹਨਾਂ ਦੇ ਚਿਹਰੇ ਤੇ ਇਕ ਵੀ ਸ਼ਿਕਨ ਨਹੀਂ ਸੀ ਤੇ ਦੋਵੇਂ ਬੜੇ ਪਿਆਰ ਨਾਲ ਮਿਲੇ। ਚਾਹ-ਪਾਣੀ ਤੋਂ ਪਿੱਛੋਂ ਪ੍ਰੀਤਮ ਸਿੰਘ ਹੁਣਾਂ ਜਗਤਾਰ ਨੂੰ ਆਪਣੀ ਨਵੀਂ ਲਿਖੀ ਕਵਿਤਾ ਸੁਣਾਈ ਤਾਂ ਜਗਤਾਰ ਨੇ ਉਸ ਕਵਿਤਾ ਉਪਰ ਕਿੰਤੂ-ਪ੍ਰੰਤੂ ਕੀਤਾ। ਪ੍ਰੀਤਮ ਸਿੰਘ ਹੁਣੀਂ ਆਪਣਾ ਪੱਖ ਰੱਖ ਰਹੇ ਸਨ ਤੇ ਜਗਤਾਰ ਆਪਣੀ ਗੱਲ ਕਹਿ ਰਿਹਾ ਸੀ ਤੇ ਮੈਂ ਬੈਠਾ ਸੋਚ ਰਿਹਾ ਸਾਂ ਕਿ ਜਗਤਾਰ ਪਤਾ ਨਹੀਂ ਕਿਸ ਮਿੱਟੀ ਦਾ ਬਣਿਆ ਹੋਇਆ ਹੈ। ਵਰਨਾ ਅੱਜਕਲ੍ਹ ਤਾਂ ਲੋਕ ਅਫਸਰਾਂ ਦੇ ਮੂਹਰੇ ਵਿਛਣ ਤੱਕ ਜਾਂਦੇ ਹਨ।

ਮੈਨੂੰ ਇਕ ਹੋਰ ਵਾਕਿਆ ਯਾਦ ਆ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰੀਡਰ ਦੀ ਪੋਸਟ ਨਿਕਲੀ ਤਾਂ ਮੈਂ ਜਗਤਾਰ ਨੂੰ ਅਪਲਾਈ ਕਰਨ ਲਈ ਕਿਹਾ। ਉਹ ਕਹਿਣ ਲੱਗਾ 'ਕੋਈ ਫਾਇਦਾ ਨਹੀਂ, ਫੈਸਲੇ ਪਹਿਲਾਂ ਹੀ ਕੀਤੇ ਹੁੰਦੇ ਨੇ।' ਮੈਂ ਕਿਹਾ 'ਤੂੰ ਅਪਲਾਈ ਤਾਂ ਕਰ, ਕੀ ਪਤਾ ਤੁੱਕਾ ਲੱਗ ਹੀ ਜਾਵੇ' ਖੈਰ ਬਹੁਤ ਕਹਿਣ ਤੇ ਉਹ ਮੰਨ ਗਿਆ। ਜਦ ਅਸੀਂ ਇੰਟਰਵਿਊ 'ਤੇ ਗਏ। ਡਾ. ਜੋਗਿੰਦਰ ਸਿੰਘ ਰਾਹੀਂ ਉਸ ਵੇਲੇ ਹੈਡ ਸਨ ਤੇ ਉਹਨਾਂ ਇੰਟਰਵਿਊ ਵਿਚ ਬੈਠਣਾ ਸੀ। ਅਸੀਂ ਪੰਜ ਸੱਤ ਜਣੇ ਬਾਹਰ ਖੜ੍ਹੇ ਸਾਂ। ਡਾ. ਰਾਹੀ ਸਾਡੇ ਕੋਲ ਦੀ ਲੰਘਣ ਲੱਗੇ ਤਾਂ ਉਹਨਾਂ ਇਕ ਤਰ੍ਹਾਂ ਨਾਲ ਖੜਿਆਂ ਨੂੰ ਇਗਨੋਰ ਕੀਤਾ। ਉਹ ਜਗਤਾਰ ਦੇ ਚੰਗੇ ਜਾਣੂੰਆਂ 'ਚੋਂ ਸਨ। ਜਗਤਾਰ ਤੋਂ ਇਹ ਜਰ ਨਾ ਹੋਇਆ ਕਿ ਜਾਣੂ ਬੰਦਾ ਕੋਲ ਦੀ ਇੰਝ ਲੰਘ ਜਾਵੇ। ਜਗਤਾਰ ਫੱਟ ਬੋਲਿਆ 'ਰਾਹੀ ਜੀ ਜੇ ਸਾਨੂੰ ਨਹੀਂ ਵੀ ਰੱਖਣਾ ਤਾਂ ਇੰਝ ਤਾਂ ਨਾ ਕੋਲ ਦੀ ਅੱਖਾਂ ਚੁਰਾ ਕੇ ਲੰਘੋ'। ਰਾਹੀਂ ਹੁਣਾਂ ਦੇ ਚਿਹਰੇ ਤੋਂ ਸਾਫ ਲੱਗ ਰਿ ਸੀ ਕਿ ਉਹਨਾਂ ਇਸ ਗੱਲ ਦਾ ਗੁੱਸਾ ਕੀਤਾ ਹੈ ਪਰ ਜਗਤਾਰ ਬਿਲਕੁਲ ਸ਼ਾਂਤ ਖੜ੍ਹਾ ਸੀ ਤੇ ਮੈਂ ਸੋਚ ਰਿਹਾ ਸਾਂ ਕਿ ਹੁਣ ਕੀ ਸਿਲੈਕਸ਼ਨ ਹੋਣੀ ਹੈ। ਅੰਦਰ ਇੰਟਰਵਿਊ ਵਿਚ ਡਾ. ਅਤਰ ਸਿੰਘ ਅਤੇ ਜਲੰਧਰ ਦੇ ਕਮਿਸ਼ਨਰ ਜੋ ਉਸ ਸਮੇਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਦੀ ਸੇਵਾ ਵੀ ਨਿਭਾਅ ਰਹੇ ਸਨ- ਬੈਠੇ ਸਨ। ਜਦ ਜਗਤਾਰ ਨੇ ਆਪਣੀਆਂ ਕਿਤਾਬਾਂ ਮੇਜ 'ਤੇ ਰੱਖੀਆਂ ਤਾਂ ਕਮਿਸ਼ਨਰ ਸਾਹਿਬ ਦੀਆਂ ਅੱਖਾਂ ਤੇ ਚਿਹਰੇ ਉਪਰ ਜਗਤਾਰ ਲਈ ਚੰਗੇ ਭਾਵ ਸਨ। ਉਹਨਾਂ ਡਾ. ਅਤਰ ਸਿੰਘ ਨੂੰ ਪ੍ਰਸ਼ਨ ਪੁੱਛਣ ਲਈ ਕਿਹਾ। ਜਗਤਾਰ ਦੇ ਕਹਿਣ ਅਨੁਸਾਰ ਡਾ. ਅਤਰ ਸਿੰਘ ਕਹਿਣ ਲੱਗੇ ਕਿ 'ਇਹ ਸਾਡ ਬਹੁਤ ਵੱਡਾ ਸ਼ਾਇਰ ਹੈ। ਇਸ ਲਈ ਇਹ ਪੋਸਟ ਬਹੁਤ ਛੋਟੀ ਹੈ। ਇਸ ਵਰਗੇ ਬੰਦੇ ਲਈ ਤਾਂ ਕੋਈ ਵੱਡੀ ਪੋਸਟ ਚਾਹੀਦੀ ਹੈ।' ਜਗਤਾਰ ਕਹਿੰਦਾ 'ਮੈਂ ਵਾਈਸ ਚਾਂਸਲਰ ਵੱਲ ਮੂੰਹ ਕਰਕੇ ਕਿਹਾ ਇਹ ਮੇਰੇ ਨਾਲ ਇਕ ਕਿਤਾਬ ਵਿਚ ਕੋ-ਆਥਾਰ ਹਨ ਪਰ ਜਦ ਵੀ ਮੇਰੇ ਲਈ ਕੁਝ ਕਰਨ ਦਾ ਮੌਕਾ ਆਉਂਦਾ ਹੈ ਤਾਂ ਇਹੋ ਜਿਹੀਆਂ ਗੱਲਾਂ ਕਰਕੇ ਹੀ ਵਕਤ ਟਪਾ ਦਿੰਦੇ ਹਨ।' ਸ਼ਾਇਦ ਜਗਤਾਰ ਦੇ ਇਸ ਸਪਸ਼ਟਵਾਦੀ ਸੁਭਾਅ ਦਾ ਹੀ ਸਿੱਟਾ ਹੈ ਕਿ ਉਸਨੇ ਸਿਸਟਮ ਬਾਰੇ ਇਹ ਲਿਖਿਆ:

ਕੁਰਸੀਆਂ ਨੂੰ ਲੋਕ ਅੱਜਕਲ੍ਹ ਪੂਜਦੇ 'ਜਗਤਾਰ ਜੀ'
ਕੌਣ ਸ਼ਾਇਰ ਨੂੰ ਤੇ ਕਿਹੜਾ ਸ਼ੇਅਰ ਨੂੰ ਹੈ ਪਰਖਦਾ।

ਜਗਤਾਰ ਕਈ ਵਾਰੀ ਇਕਦਮ ਗੁੱਸੇ ਵਿਚ ਵੀ ਆ ਜਾਂਦਾ ਸੀ ਤੇ ਫੱਟ ਕਹਿ ਦਿੰਦਾ ਸੀ ''ਮੈਂ ਉਸ ਤੋਂ ਕੀ ਲੈਣਾ ਹੈ'' ਆਪਣੇ ਇਸੇ ਸੁਭਾਅ ਕਾਰਨ ਹੀ ਉਸਨੇ ਕਈ ਦੋਸਤਾਂ ਨੂੰ ਆਪਣੇ ਤੋਂ ਦੂਰ ਕੀਤਾ। ਪ੍ਰੋ. ਸਰਿੰਦਰ ਸਿੰਘ ਚੀਮਾ ਲੁਧਿਆਣੇ ਵਾਲੇ ਜਗਤਾਰ ਬਾਰੇ ਅਕਸਰ ਕਹਿੰਦੇ ਸਨ ਕਿ ਜਗਤਾਰ ਕਲਮ ਦਾ ਖੱਟਿਆ ਖਾਂਦਾ ਹੈ ਤੇ ਮੂੰਹ ਦਾ ਬੋਲਿਆ ਵਿਗਾੜਦਾ ਹੈ।

ਤੁਸੀ ਸੋਚਦੇ ਹੋਵੋਗੇ ਕਿ ਜਗਤਾਰ ਮੂਲ ਤੌਰ 'ਤੇ ਸ਼ਾਇ+ ਸੀ ਤੇ ਇਹ ਚੰਗਾ ਜਗਤਾਰ ਦਾ ਦੋਸਤ ਹੈ ਜੋ ਉਸਦੀ ਸ਼ਾਇਰੀ ਦੀ ਗੱਲ ਹੀ ਨਹੀਂ ਕਰਦਾ। ਜਗਤਾਰ ਨੇ 1953 ਵਿਚ ਹਲਕੇ ਫੁਲਕੇ ਗੀਤਾਂ ਨਾਲ ਆਪਣੀ ਸਿਰਜਣਾ ਦਾ ਸਫਰ ਸ਼ੁਰੂ ਕੀਤਾ ਤੇ ਫਿਰ ਲਗਾਤਾਰ ਲਿਖਦਿਆਂ ਹੋਇਆਂ ਤਲਖੀਆਂ ਰੰਗੀਨੀਆਂ, ਰੱਤਾ ਰਾਂਗਲੀਆਂ, ਦੁੱਧ ਪੱਥਰੀ, ਅਧੂਰਾ ਆਦਮੀ, ਲਹੂ ਦੇ ਨਕਸ਼, ਛਾਂਗਿਆ ਰੁੱਖ, ਸ਼ੀਸ਼ੇ ਦਾ ਜੰਗਲ, ਜੰਜੀਰਿਆਂ ਵਿਚ ਘਿ-ਰਆ ਸਮੁੰਦਰ, ਚਨੁਕਰੀ ਸ਼ਾਮ, ਜੁਗਨੂੰ ਦੀਵਾ ਤੇ ਦਰਿਆ, ਅੱਖਾਂ ਵਾਲੀਆਂ ਪੈੜਾਂ ਆਦਿ ਕਾਵਿ ਪੁਸਤਕਾਂ ਤੋਂ ਬਿਨਾਂ ਕੋਈ ਡੇਢ ਦਰਜਨ ਦੇ ਕਰੀਬ ਲਿਪੀਅੰਤਰ, ਅਨੁਵਾਦ, ਸੰਪਾਦਿਤ ਤੇ ਖੋਜ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। 'ਲਹੂ ਦੇ ਨਕਸ਼' ਪੁਸਤਕ ਦੀਆਂ ਲੱਗਭੱਗ ਸਾਰੀਆਂ ਕਵਿਤਾਵਾਂ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੀਆਂ। ਡਾ. ਰਮੇਸ਼ ਕੁੰਤਲ ਮੇਘ ਤੇ ਨਾਗ ਅਰਜਨ ਨੇ ਹਿੰਦੀ ਵਿਚ ਅਨੁ-ਵਾਦ ਕੀਤੇ, ਨਖਲੇਸ਼ਵਰ ਨੇ ਤੇਲਗੂ ਵਿਚ, ਪ੍ਰੋ. ਰਾਜ਼ਦਾਂ, ਪ੍ਰੀਤਮ ਸਿੰਘ ਪੀ. ਸੀ. ਐਸ., ਵਿਪਨ ਲਾਘਰੂ ਤੇ ਬੰਧੋਪਾਧਿਆਏ ਨੇ ਅੰਗਰੇਜ਼ੀ ਵਿਚ ਅਨੁਵਾਦ ਕੀਤੇ। ਭਾਰਤੀ ਸਾਹਿਤ ਅਕਾਡਮੀ ਵੱਲੋਂ ਤੇ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਵੀ ਵਜੋਂ ਸਨਮਾਨਿਤ ਹੋਇਆ। ਯੂਨੀਵਰਸਿਟੀਆਂ ਨੇ ਸਨਮਾਨ ਵਜੋਂ ਐਮ. ਏ. ਕੋਰਸਾਂ ਵਿਚ ਲਾਇਆ।

ਭਾਵੇਂ ਜਗਤਾਰ ਨੇ ਆਪਣੀ ਸਾਹਿਤ ਸਿਰਜਣਾ ਦੇ ਆਰੰਭਕ ਦੌਰ ਵਿਚ ਉਰਦੂ ਕਹਾਣੀਆਂ ਤੇ ਕਵਿਤਾਵਾਂ ਵੀ ਲਿਖੀਆਂ ਪਰ ਉਹ ਇਕ ਲੇਖਕ ਵਜੋਂ ਸਥਾਪਤ ਮਾਂ-ਬੋਲੀ ਪੰਜਾਬੀ ਵਿਚ ਹੀ ਹੋਇਆ। ਨਾਨਕ ਸਿੰਘ ਨਾਵਲਕਾਰ ਨੂੰ ਜਗਤਾਰ ਦੇ ਲਿਖੇ ਗੀਤ ਮੋਹਨ ਸਿੰਘ ਨਾਲੋਂ ਵਧੇਰੇ ਪਸੰਦ ਸਨ। ਦੇਵਿੰਦਰ ਸਤਿਆਰਥੀ ਜਗਤਾਰ ਨੂੰ ਯੁੱਗ ਅਨੁਕੂ ਚੇਤਨਾ ਦਾ ਕਵੀ ਕਹਿੰਦਾ ਹੈ। ਡਾ. ਸਤਿੰਦਰ ਸਿੰਘ ਉਸਨੂੰ ਗ਼ਜ਼ਲ ਦਾ ਵੱਡਾ ਸ਼ਾਇਰ ਤਸਲੀਮ ਕਰਦਾ ਹੈ। ਪਰ ਮੈਂ ਸਮਝਦਾ ਹਾਂ ਕਿ ਡਾ. ਜਗਤਾਰ ਸਮੇਂ ਦੇ ਸੱਚ ਦਾ ਸ਼ਾਇਰ ਹੈ, ਜਿਸਨੇ ਸਮੇਂ ਨਾਲ ਕਦਮ ਮੇਲਦਿਆਂ ਹਰ ਲਹਿਰ ਤੇ ਹਰੇਕ ਉਥਲ ਪੁਥਲ ਨੂੰ ਸ਼ਿੱਦਤ ਨਾਲ ਮਹਿਸੂਸ ਕਰਕੇ ਅਜਿਹੇ ਢੰਗ ਨਾਲ ਲਿਖਿਆ ਹੈ ਕਿ ਉਸਦੀ ਕਵਿਤਾ ਵਿਚ ਇਕ ਤਰੋ-ਤਾਜ਼ਗੀ ਤੇ ਲੋਕਾਂ ਦੀ ਆਵਾਜ਼ ਮਹਿ-ਸੂਸ ਹੁੰਦੀ ਹੈ। ਉਹ ਅਗਾਂਹਵਧੂ ਵੀ ਹੈ ਤੇ ਯਥਾਰਥਕ ਵੀ, ਜੁ-ਝਾਰਵਾਦੀ ਕਵਿਤਾ ਵੀ ਉਸ ਰਚੀ ਹੈ ਤੇ ਰੁਮਾਂਟਿਕ ਰੰਗਣ ਤੋਂ ਵੀ ਉਹ ਅਣਭਿੱਜ ਨਹੀਂ ਰਿਹਾ। ਡਾ. ਜਗਤਾਰ ਇਕ ਇਕਾਈ ਤੋਂ ਫੈਲ ਕੇ ਇਕ ਸੰਸਾਰ ਬਣ ਜਾਂਦੇ ਦਰਦ ਦਾ ਸ਼ਾਇਰ ਹੋ ਨਿ-ਬੜਿਆ ਹੈ। ਉਹ ਸੰਵੇਦਨਸ਼ੀਲ ਵੀ ਹੈ, ਤਲਖ ਵੀ ਹੈ ਤੇ ਗਹਿਰ ਗੰਭੀਰ ਵੀ। ਉਸ ਕੋਲ ਕਵਿਤਾ ਵੀ ਹੈ ਤੇ ਗਹਿਰ ਗੰਭੀਰ ਵੀ। ਉਸ ਕੋਲ ਕਵਿਤਾ ਦੀ ਸਚਿਆਈ ਵੀ ਹੈ ਤੇ ਕਵਿਤਾ ਦੀ ਪਕਿਆਈ ਵੀ। ਉਸਦੀ ਕਵਿਤਾ ਸ਼ੋਰ 'ਚੋਂ ਉਦੇ ਹੁੰਦੀ ਸ਼ਹਿਨਾਈ ਦੀ ਤਾਨ ਵਰਗੀ ਹੈ। ਜਗਤਾਰ ਦਾ ਕਹਿਣਾ ਸੀ ਕਿ ਬਿਗਾਨਿਆਂ ਫੂਹੜੀਆਂ 'ਤੇ ਆਦਮੀ ਕਦੋਂ ਤੱਕ ਚੱਲ ਸਕਦਾ ਹੈ। ਇਸੇ ਕਰਕੇ ਉਸਨੇ ਆਲੋਚਕਾਂ ਦਾ ਕੋਈ ਧੜਾ ਨਹੀਂ ਸੀ ਪਾਲਿਆ ਹੋਇਆ। ਉਸ ਅਨੁਸਾਰ 'ਸ਼ਾਇਰ ਦੀ ਸ਼ਾਇਰੀ ਦਾ ਫੈਸਲਾ ਤਾਂ ਉਸਦੀ ਮੌਤ ਤੋਂ ਬਾਅਦ ਹੀ ਹੋਵੇਗਾ। ਜੇ ਸ਼ਾਇਰੀ ਵਿਚ ਜਾਨ ਹੋਵੇਗੀ ਤਾਂ ਜ਼ਿੰਦਾ ਰਹੇਗੀ, ਨਹੀ ਤਾਂ ਵਕਤ ਦੀ ਧੂੜ ਵਿਚ ਅਲੋਪ ਹੋ ਜਾਵੇਗੀ।''

ਦੋ ਕੁ ਸਾਲ ਪਹਿਲਾਂ ਜਦ ਜਗਤਾਰ ਦੇ ਪੇਸਮੇਕਰ ਪਿਆ ਤਾਂ ਉਸ ਤੋਂ ਬਾਅਦ ਉਹ ਕਾਫੀ ਢਿੱਲਾ ਰਿਹਾ। ਉਸਨੂੰ ਸ਼ੂਗਰ ਵੀ ਹੋ ਗਈ ਤੇ ਹਾਰਟ ਪ੍ਰਾਬਲਮ ਵੀ। ਇਕ ਅੱਖ ਵਿਚੋਂ ਦਿੱਸਣਾ ਤਕਰੀਬਨ ਬੰਦ ਹੋ ਗਿਆ ਸੀ। ਇਕ ਵੇਲੇ ਤਾਂ ਹਾਲਤ ਇੰਨੀ ਵਧੇਰੇ ਮਾੜੀ ਹੋ ਗਈ ਸੀ ਕਿ ਆਪਣੇ ਕਮਰੇ ਨਾਲ ਜੁੜੇ ਬਾਥਰੂਮ ਤੱਕ ਜਾਣਾ ਵੀ ਔਖਾ ਸੀ। ਇਕ-ਦੋ ਵਾਰ ਤਾਂ ਉਹ ਡਿੱਗਾ ਵੀ।

ਉਹਨਾਂ ਦਿਨਾਂ ਵਿਚ ਇਕ ਸ਼ਾਮ ਮੈਂ ਉਸ ਕੋਲ ਬੈਠਾ ਹੋਇਆ ਸਾਂ ਕਿ ਉਹਦੇ ਮੂੰਹ ਵਿਚੋਂ ਨਿਕਲਿਆ 'ਹਾਏ ਉਏ ਰੱਬਾ' ਮੈਂ ਕਿਹਾ 'ਜਗਤਾਰ ਉਮਰ ਦੇ ਇਸ ਪੜਾਅ ਤੇ ਅਜਿਹੀ ਸਥਿਤੀ ਵਿਚ ਘਿਰਿਆ ਹੁਣ ਤੂੰ ਮੰਨਦਾ ਹੈ ਕਿ ਰੱਬ ਹੈ? ਤਾਂ ਕਹਿਣਾ ਲੱਗਾ 'ਬਿੰਦਰ, ਇਹ ਤਾਂ ਤਕੀਆ ਕਲਾਮ ਵਾਂਗ ਹੀ ਮੂੰਹ 'ਚੋਂ ਨਿਕਲਿਆ ਹੈ।

ਮੇਰਾ ਇਸ ਘੜੀ 'ਚ ਵੀ ਇਹੀ ਵਿਸ਼ਵਾਸ ਹੈ ਕਿ ਰੱਬ ਨਹੀਂ ਹੈ। ਬੰਦਾ ਹੀ ਸਭ ਕੁਝ ਹੈ। ਇਹੋ ਜਿਹੀਆਂ ਸਥਿਤੀਆ 'ਚੋਂ ਗੁਜ਼ਰਦਿਆਂ ਵੀ ਉਹ ਲਗਾਤਾਰ ਕੰਮ ਕਰਦਾ ਰਿਹਾ। ਇਸ ਸਮੇਂ ਦੌਰਾਨ ਉਸਦੀਆ ਤਿੰਨ ਕਿਤਾਬਾਂ 'ਬੁਲੇਸ਼ਾਹ ਬਾਰੇ, ਸ਼ਾਹ ਹੁਸੈਨ ਉਤੇ ਅਤੇ ਪਾਕਿਸਤਾਨੀ ਸਫਰਨਾਮਾ' ਛਪ ਕੇ ਸਾਹਮਣੇ ਆਈਆਂ। ਅਖੀਰਲੀ ਪੁਸਤਕ ਤਾਂ ਉਸ ਦਿਨ ਆਈ, ਜਿਸਨੂੰ ਉਡੀਕਦਾ ਉਡੀਕਦਾ ਉਹ ਤੁਰ ਗਿਆ।ਇਹ ਹੈ ਸਿਰੜ ਉਸ ਲੇਖਕ ਦਾ, ਜਿਸਨੇ ਲਿਖਿਆ ਸੀ 'ਮੈਂ ਆਪਣੀ ਮੌਤ ਤਾਂ ਵੇਖ ਸਕਦਾ ਹਾਂ। (ਪਰ) ਆਪਣੇ ਦਰਦ ਤੇ ਆਪਣੀ ਰਚਨਾ ਦੀ ਮੌਤ ਨਹੀਂ ਵੇਖ ਸਕਦਾ।'' ਅਤੇ ਇਹ ਗੱਲ ਉਸਨੇ ਸੱਚ ਕਰ ਵਿਖਾਈ।

ਮਾਰਚ ਦੇ ਮਹੀਨੇ ਵਿਚ ਉਹ ਅਕਸਰ ਉਦਾਸ ਰਹਿੰਦਾ ਸੀ। ਮੈਂ ਉਸਨੂੰ ਇਕ ਵਾਰ ਉਸਦੀ ਇਸ ਉਦਾਸੀ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗਾ, 'ਇਸੇ ਮਹੀਨੇ ਮੇਰੀ ਮਾਂ ਮਰੀ ਸੀ, ਇਸੇ ਮਹੀਨੇ ਮੇਰੇ ਛੋਟੇ ਭਰਾ ਦਾ ਕਤਲ ਹੋਇਆ ਸੀ। ਮੈਨੂੰ ਲੱਗਦਾ ਮੇਰੀ ਮੌਤ ਵੀ ਮਾਰਚ ਵਿਚ ਹੀ ਹੋਵੇਗੀ।'' ਉਹ ਸੱਚ ਹੀ ਕਹਿੰਦਾ ਸੀ। ਮਾਰਚ ਵਿਚ ਉਹ ਪਰਿਵਾਰ ਤੇ ਦੋਸਤਾਂ ਨੂੰ ਹਮੇਸ਼ਾ ਹਮੇਸ਼ਾ ਲਈ ਅਲਵਿਦਾ ਕਹਿ ਤੁਰ ਗਿਆ, ਮੁੜ ਨਾ ਆਉਣ ਲਈ।

ਦੋਸਤੀ ਤੇ ਦੁਸ਼ਮਣੀ ਦੇ ਸਿਲਸਿਲੇ ਸਭ ਤੋੜ ਕੇ।
ਇਕ ਨਾ ਇਕ ਦਿਨ ਘੂਕ ਸੌਂ ਜਾਵਾਂਗਾ ਮਿੱਟੀ ਉੜ੍ਹਕੇ।

ਜਗਤਾਰ ਦੀ ਪਤਨੀ, ਬੱਚੀਆਂ, ਜਵਾਈ ਤੇ ਹੋਰ ਰਿਸ਼ਤੇਦਾਰ ਦੋਸਤ ਜਗਤਾਰ ਦਾ ਹੀ ਸ਼ੇਅਰ ਸੋਚ ਰਹੇ ਹਨ:-

ਬਲਦੀਆਂ ਅੱਖਾਂ, ਬੁਢੇ ਖਿਡੌਣੇ, ਸੁੰਨਾ ਵਿਹੜਾ ਆਖ ਰਿਹੈ,
ਜਾਣ ਸਮੇਂ ਏਨਾ ਤਾਂ ਦਸ ਜਾ, ਮੁੜ ਕਿਸ ਦਿਨ ਘਰ ਆਵੇਗਾ।

ਅਖੀਰ ਉਪਰ ਮੈਂ ਜਗਤਾਰ ਦੇ ਕੁਝ ਚੋਣਵੇਂ ਸ਼ੇਅਰ ਦੇ ਰਿਹਾ ਹਾਂ, ਜਿਸ ਤੋਂ ਪਾਠਕ ਖੁਦ, ਜਗਤਾਰ ਦੀ ਸੋਚ ਦੀ ਅੰਦਾਜ਼ਾ ਲਗਾ ਸਕਦੇ ਹਨ।

ਰੋਜ਼ ਪੁੱਛਦੀ ਹੈ ਮੇਰੀ ਪਤਨੀ ਉਦਾਸੀ ਦਾ ਸਬੱਬ,
ਕੀ ਕਹਾਂ ਕਿ ਪਾਸ ਹੀ ਇਕ ਹੋਰ ਮੰਦਰ ਬਣ ਰਿਹੈ।
ਜ਼ਿੰਦਗੀ ਮੈਨੂੰ ਮਿਲੀ ਹੈ ਜਿਸ ਤਰ੍ਹਾਂ ਤੀਰਾਂ ਦੀ ਸੇਜ,
ਪਰ ਮੈਂ ਨਾ ਮਜਬੂਰ ਨਾ ਬੇਵੱਸ ਹਾਂ ਭੀਸ਼ਮ ਦੀ ਤਰ੍ਹਾਂ।
ਕਰਾਂਤੀ ਕੀ ਲਿਆਉਣੀ ਹੈ ਇਹਨਾਂ ਲੋਕਾਂ ਨੇ ਏਥੇ,
ਜਿਨ੍ਹਾਂ ਲੋਕਾਂ ਦਾ ਹਾਲੇ ਤੀਕ ਵੀ ਪਿੱਪਲ ਖੁਦਾ ਹੈ।

ਸੀ ਹਰ ਚਿਹਰਾ ਹੀ ਪਿਛਲੀ ਸਦੀ ਨੇ ਭਾਵੇਂ ਵਲੂੰਧਰਿਆ
ਬੜਾ ਚ੍ਹਾ ਫਿਰ ਵੀ ਹਰ ਇਕ ਨੂੰ ਨਵੀਂ ਸਦੀ ਦੇ ਆਗਮਨ ਦਾ ਸੀ

ਅੱਜਕਲ੍ਹ ਜ਼ਰਾ ਵੀ ਸਿਰ ਕਿਤੇ ਚੁਕਦੀ ਹੈ ਲਾਟ ਜੇ,
ਹੱਲਾ ਹਨੇਰ ਬੋਲਦੈ, ਝਟ ਉਸ ਮਕਾਨ 'ਤੇ।

ਹਥ ਦੁਆਵਾਂ 'ਚ ਉੱਠੇ ਹੀ ਪਥਰਾ ਗਏ
ਨਾ ਖੁਦਾ ਬਹੁੜਿਆ ਨਾ ਸ਼ਫਾ ਹੀ ਮਿਲੀ
ਹੋਰ ਕਿੰਨਾ ਕੁ ਚਿਰ ਸਰਦਲਾਂ 'ਤੇ ਭਲਾ
ਸਿਰ-ਵਿਹੂਣੇ ਧੜਾ ਦਾ ਬਸੇਰਾ ਰਹੂ।

ਰੋਸ਼ਨੀ ਦਾ ਕਿਵੇਂ ਦੌਰ ਹੋਇਆ ਭਲਾ?
ਸ਼ਹਿਰ ਦਰ ਸ਼ਹਿਰ ਜਦ ਗਹਿਰ ਹੈ ਦੋਸਤੋ।

ਕਤਲ ਕਰਵਾਏ ਸੀ ਮੇਰੇ ਯਾਰ ਜਿਹਨਾਂ ਨੇ ਕਦੇ,
ਉਹ ਬਦਲ ਕੇ ਭੇਸ ਅੱਜਕਲ੍ਹਦੇ ਰਹੇ ਨੇ ਦਿਲਬਰੀ।

ਤੋਤਾ, ਕਦੇ ਹੈ ਬਾਘ ਤੇ ਖਰਗੋਸ਼ ਹੈ ਕਦੇ
ਇਕ ਆਦਮੀ ਦੇ ਕੋਲ ਨੇ ਕਿੰਨੇ ਨਕਾਬ ਦੇਖ।


**(ਚਲਦਾ)**

# ਕੁੱਝ ਆਗੂ ਅਤੇ ਬੁੱਧੀਜੀਵੀਆਂ ਅਨੁਸਾਰ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ



ਕੁਲਦੀਪ ਚੰਦ
91-9417563054

24 ਸਤੰਬਰ ਨੂੰ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ, 1932 ਨੂੰ ਭਾਰਤ ਵਿੱਚ ਰਹਿਣ ਵਾਲੇ ਕਰੋੜਾਂ ਦਲਿਤਾਂ ਜੋਕਿ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ ਨੂੰ ਮਿਲੇ ਅਲੱਗ ਰਾਜਨੀਤਿਕ ਅਧਿਕਾਰਾਂ ਨੂੰ ਵਾਪਸ ਲਿਆ ਗਿਆ। ਇਹ ਸਮਝੌਤਾ 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਕਾਂਗਰਸੀ ਆਗੂ ਮਹਾਤਮਾ ਗਾਂਧੀ ਵਿਚਕਾਰ ਪੂਨਾ ਦੀ ਯਰਵਤਾ ਜੇਲ ਵਿੱਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਦਲਿਤਾਂ ਨੂੰ ਅੰਗਰੇਜ਼ਾ ਵਲੋਂ ਬਾਕੀ ਕਈ ਦੂਜੇ ਧਾਰਮਿਕ ਵਰਗਾਂ ਵਾਂਗ ਮਿਲੇ ਵਖਰੇ ਚੌਣ ਅਧਿਕਾਰ ਨੂੰ ਖੋਹਕੇ ਮੌਜੂਦਾ ਰਾਖਵਾਂਕਰਣ ਨੀਤੀ ਅਧੀਨ ਆਰਥਿਕ ਅਤੇ ਰਾਜਨੀਤਿਕ ਲਾਭ ਦੇਣ ਦੀ ਯੋਜਨਾ ਮੰਨਜੂਰ ਕੀਤੀ ਗਈ। ਸਾਲ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁੰਮਾਇਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿੱਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਕੇਂਦਰੀ ਅਤੇ ਸਥਾਨਕ ਵਿਧਾਨ ਮੰਡਲਾਂ ਵਿੱਚ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿੱਚ ਸਦੀਆਂ ਤੋਂ ਲਿਤਾੜ੍ਹੇ ਦਲਿਤਾਂ ਦੀ ਨੁਮਾਇੰਦਗੀ ਲਈ ਕੋਈ ਥਾਂ ਨਹੀਂ ਸੀ। ਡਾਕਟਰ ਭੀਮ ਰਾਓ ਅੰਬੇਡਕਰ ਦਲਿਤਾਂ ਦੇ ਆਗੂ ਵਜੋਂ ਅਗਸਤ 1917 ਵਿੱਚ ਬੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਉਥ ਬਰੋ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਹਿੰਦੂ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਅਜ਼ਾਦੀ ਤੋਂ ਪਹਿਲਾਂ ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤਾਂ, ਅਤੇ ਆਦਿਵਾਸੀ ਕਬੀਲੇ ਸਭ ਜਾਤੀਆਂ ਦਲਿਤ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਸਨ। ਅੰਗਰੇਜ਼ਾਂ ਨੇ ਲਾਰਡ ਵਿਲੀਅਮ ਦੀ ਪ੍ਰਧਾਨਗੀ ਹੇਠ 1928 ਵਿੱਚ ਇੱਕ ਕਮੇਟੀ ਦਾ ਗਠਨ ਕੀਤਾ ਅਤੇ ਕਿਹਾ ਕਿ ਕਮੇਟੀ ਭਾਰਤ ਦਾ ਦੌਰਾ ਕਰਕੇ ਸਮਾਜਿਕ, ਵਿੱਦਿਅਕ ਤੇ ਆਰਥਿਕ ਤੌਰ ਤੇ ਪੱਛੜੀਆਂ ਜਾਤੀਆਂ ਦੀ ਸੂਚੀ ਤਿਆਰ ਕਰੇ। ਡਾਕਟਰ ਅੰਬੇਡਕਰ ਅਤੇ ਕਈ ਹੋਰ ਦਲਿਤ ਆਗੂਆਂ ਨੇ ਇਸਤੇ ਸਖਤ ਰੋਸ ਪ੍ਰਗਟ ਕੀਤਾ। ਉਹਨਾਂ ਨੇ ਅੰਗਰੇਜ਼ ਸਰਕਾਰ ਵੱਲੋਂ ਹਿੰਦੂਆਂ ਨੂੰ ਹਕੂਮਤ ਸੰਭਾਲਣ ਦੀ ਇਸ ਤਜ਼ਵੀਜ਼ ਦੀ ਸੱਖਤ ਵਿਰੋਧਤਾ ਕੀਤੀ। ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ। ਇਸ ਲਈ ਹੀ ਇਸ ਕਮਿਸ਼ਨ ਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ, 1928 ਨੂੰ ਬੰਬਈ ਆਇਆ ਜਿਸਦਾ ਕਾਂਗਰਸੀ ਆਗੂਆਂ ਨੇ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ। ਦੋਆਬੇ ਦੇ ਦਲਿਤ ਆਗੂ ਅਤੇ ਆਦਿ ਧਰਮ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਵਰਕਰਾਂ ਦੀ ਮੀਟਿੰਗ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ। ਬਾਬੂ ਮੰਗੂ ਰਾਮ ਡੈਪੂਟੇਸ਼ਨ ਲੈ ਕੇ ਰਾਇਲ ਕਮਿਸ਼ਨ ਦੇ ਆਗੂਆਂ ਨੂੰ ਮਿਲੇ ਜਿੱਥੇ ਮੰਗ ਪੱਤਰ ਪੇਸ਼ ਕੀਤਾ ਗਿਆ। ਦਲਿਤਾਂ ਦੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਹਿੰਦੂਆਂ ਵੱਲੋਂ ਮਹਾਤਮਾ ਗਾਂਧੀ, ਮੁਸਲਮਾਨਾਂ ਵੱਲੋਂ ਮਹੁੰਮਦ ਅਲੀ ਜਿਨਾਹ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਅਤੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿੱਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨ-ਫਰੰਸ ਦੇ ਕੰਮ ਨੂੰ




ਪ੍ਰਧਾਨ ਮੰਤਰੀ ਦੀ ਰਹਿਨੁਮਾਈ ਵਿੱਚ ਕਈ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿੱਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭਤੋਂ ਮਹੱਤਵਪੂਰਨ ਕੰਮ, ਦਲਿਤਾਂ ਦੀ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆਂ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ, ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮਹਾਤਮਾ ਗਾਂਧੀ, ਮਿਰਜਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਾਰ ਡਾਕਟਰ ਅੰਬੇਡਕਰ ਦਾ ਨਾਮ ਸਟਰਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸੇ ਕਮੇਟੀ ਨੇ ਹੀ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤ ਹੋਈ, ਦਲਿਤਾਂ ਲਈ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਥਾਪੀਆਂ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਸਭਨਾਂ ਭਾਰਤੀ ਹਿੱਤਾਂ ਅਤੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ। ਗਾਂਧੀ ਅਤੇ ਕਾਂਗਰਸ ਨੇ ਦਲਿਤਾਂ ਨੂੰ ਮਿਲਣ ਵਾਲੇ ਅਧਿਕਾਰਾਂ ਦਾ ਵਿਰੋਧ ਸ਼ੁਰੂ ਕਰ ਦਿਤਾ। ਡਾਕਟਰ ਅੰਬੇਡਕਰ ਨੇ ਪੱਛੜੇ ਦਲਿਤਾਂ ਦੇ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿੱਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਜਾਂ 90 ਪ੍ਰਤੀਸ਼ਤ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੋਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਪ੍ਰਤੀਸ਼ਤ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਉਸ ਕਮੇਟੀ ਨੇ ਕਾਨ-ਫਰੰਸ ਨੂੰ ਆਪਣੀ ਰਿਪੋਰਟ ਪੇਸ਼ ਕੀਤੀ। 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਉਨਲ ਐਵਾਰਡ' ਦੇਣ ਦਾ ਮਹ-'ਤਵਪੂਰਨ ਫੈਸਲਾ ਸੁਣਾ ਦਿੱਤਾ ਜਿਸ ਦੁਆਰਾ ਕਈ ਹੋਰ ਵਰਗਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਉਨਲ ਐਵਾਰਡ ਕਿਹਾ ਜਾਂਦਾ ਹੈ ਜਿਸਦਾ ਗਾਂਧੀ ਨੇ ਸਖਤ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਆਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਲਈ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਨੇ ਯਰਵਦਾ ਜੇਲ੍ਹ ਵਿੱਚੋਂ ਧਮਕੀ ਭਰਿਆ ਪੱਤਰ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਲਿਖਿਆ ਕਿ ਜੇਕਰ ਦਲਿਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਮੈਂ ਆਪਣੇ ਪ੍ਰਾਣਾਂ ਦੀ ਬਾਜੀ ਲਗਾ ਦੇਵਾਂਗਾ। ਇਸਤੋਂ ਬਾਦ ਗਾਂਧੀ ਨੇ ਦਲਿਤਾਂ ਦੇ ਅਲੱਗ ਅਧਿਕਾਰਾਂ ਖਿਲਾਫ 20 ਸਤੰਬਰ 1932 ਨੂੰ ਯਰਵਦਾ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਆਪ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਦਲਿਤਾਂ ਵਿਰੁੱਧ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਪੰਜਾਬ ਵਿੱਚ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਡਾਕਟਰ ਅੰਬੇਡਕਰ ਦੇ ਹੱਕ ਵਿੱਚ ਅਤੇ ਗਾਂਧੀ ਦੇ ਵਿਰੋਧ ਵਿੱਚ ਮਰਨ ਵਰਤ ਰੱਖਿਆ। ਸਿੱਟੇ ਵਜੋਂ ਸਮੁੱਚੇ ਦੇਸ਼ ਵਿੱਚ ਸਥਿਤੀ ਤਣਾਅ ਪੂਰਬਕ ਹੋ ਗਈ। ਗਾਂਧੀ ਦੇ ਮਰਨ ਵਰਤ ਨਾਲ ਗਾਂਧੀ ਦੀ ਜਾਨ ਬਚਾਉਣ ਲਈ ਚਾਰੇ ਪਾਸਿਆਂ ਤੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਮਹਾਤਮਾ ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਮਹਾਤਮਾ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ।

24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਰਾਜਿੰਦਰ ਪ੍ਰਸਾਦ, ਜੀ ਡੀ ਬਿਰਲਾ, ਰਾਮੇਸ਼ਵਰ ਦਾਸ ਬਿਰਲਾ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ, ਗਵਾਇ ਆਦਿ ਦੀ ਹਾਜਰੀ ਵਿੱਚ ਇੱਕ ਲਿਖਤੀ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿਤਾ ਗਿਆ। ਇਸ ਸਮਝੌਤੇ ਤੇ 25 ਸਤੰਬਰ ਨੂੰ ਬੰਬਈ ਵਿੱਚ ਹਿੰਦੂ ਕਾਨਫਰੰਸ ਦੀ ਫਾਇਨਲ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮਦਾਸ ਠਾਕਰਦਾਸ, ਮਥਰਾਦਾਸ ਵਾਸੰਜੀ,ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦ ਨੇ ਇਸ ਸਮਝੌਤੇ ਤੇ ਦਸਤਖਤ ਕੀਤੇ ਜਿਸ ਦੁਆਰਾ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਮਿਲੀਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ ਅਤੇ ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਦਿਤੀਆਂ ਗਈਆਂ।

ਪੂਨਾ ਪੈਕਟ ਤੋਂ ਬਾਦ ਬੇਸ਼ੱਕ ਕਈ ਦਲਿਤਾਂ ਨੂੰ ਵਿਦਿਅਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਲਾਭ ਮਿਲਿਆ ਹੈ ਅਤੇ ਉਨ੍ਹਾਂ ਦੀ ਹਾਲਤ ਵਿੱਚ ਵੱਡਾ ਬਦਲਾਓ ਹੋਇਆ ਹੈ ਪ੍ਰੰਤੂ ਕੁੱਝ ਆਗੂਆਂ ਅਤੇ ਬੁੱਧੀਜੀਵੀਆਂ ਅਨੁਸਾਰ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ ਅਤੇ ਬਹੁਤੇ ਦਲਿਤਾਂ ਦੀ ਖਸਤਾ ਹਾਲਤ ਵਿੱਚ ਅਜ਼ਾਦੀ ਤੋਂ 70 ਸਾਲ ਬੀਤਣ ਤੋਂ ਬਾਦ ਵੀ ਕੋਈ ਖਾਸ ਫਰਕ ਨਹੀਂ ਪਿਆ ਹੈ।

# ਪੰਜਾਬ ਵਿੱਚ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਇੱਕ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ: ਰਾਜੇਸ਼ ਬਾਘਾ

**ਲੁਧਿਆਣਾ (ਡੀ ਡੀ ਬੀ)**– ਅਨੁਸੂਚਿਤ ਜਾਤੀਆਂ ਕਮਿਸ਼ਨ ਪੰਜਾਬ ਦੇ ਚੇਅਰਮੈਨ ਸ਼੍ਰੀ ਰਾਜੇਸ਼ ਬਾਘਾ ਨੇ ਕਿਹਾ ਕਿ ਆਉਣ ਵਾਲੇ ਪੰਜ ਸਾਲਾਂ ਵਿੱਚ ਪੰਜਾਬ ਵਿੱਚ ਇੱਕ ਹਜ਼ਾਰ ਤੋਂ ਵੱਧ ਛੋਟੀਆਂ ਅਤੇ ਮਧਿਅਮ ਸਨਅਤੀ ਇਕਾਈਆਂ ਲਗਾ ਕੇ ਇੱਕ ਲੱਖ ਨੌਜੁਆਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ। ਅਨੁਸੂਚਿਤ ਜਾਤੀ ਉਦਮੀ ਸਸ਼ਕਤੀਕਰਨ ਫੋਰਮ (ਪੰਜਾਬ) ਵੱਲੋਂ 'ਭਾਰਤ ਸਰਕਾਰ ਦੁਆਰਾ ਬਣਾਈਆਂ ਸਕੀਮਾਂ ਵਿੱਚ ਅਨੁਸੂਚਿਤ ਜਾਤੀ ਉਦਮੀਆਂ ਲਈ ਮੌਕੇ' ਵਿਸ਼ੇ ਤੇ ਲੁਧਿਆਣਾ ਵਿਖੇ ਆਯੋਜਿਤ ਸੈਮੀਨਾਰ ਨੂੰ ਸੰਬੋਧਤ ਕਰਦਿਆਂ ਉਹਨਾਂ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉਚੱਾ ਚੁੱਕਣ ਅਤੇ ਉਹਨਾਂ ਵਿੱਚ ਸਵੈਮਾਣ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਨਾਲ ਭਾਰਤ ਸਰਕਾਰ ਵੱਲੋਂ ਕਈ ਅਹਿਮ ਕਦਮ ਉਠਾਏ ਗਏ ਹਨ। ਇਹਨਾਂ ਵਰਗਾਂ ਨੂੰ ਉਦਯੋਗ ਅਤੇ ਵਪਾਰ ਦੇ ਖੇਤਰ ਵਿੱਚ ਵੀ ਮੌਕੇ ਉਪਲਬਧ ਕਰਾਉਣ ਲਈ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ ।ਕਮਿਸ਼ਨ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੀਟਿੰਗ ਕਰਕੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਸੂਬੇ ਵਿੱਚ ਇਸ ਮੰਤਵ ਦੀ ਪੂਰਤੀ ਲਈ ਜਲਦੀ ਹੀ ਇੱਕ ਠੋਸ ਸਕੀਮ (ਮਹਾਂਰਾਸ਼ਟਰ, ਕਰਨਾਟਕ ਅਤੇ ਹੋਰ ਸੂਬਿਆਂ ਦੀ ਤਰਜ਼ ਤੇ) ਤਿਆਰ ਕੀਤੀ ਜਾਵੇਗੀ।

ਸੈਮੀਨਾਰ ਦੀ ਸ਼ੁਰੂਆਤ ਵਿੱਚ ਸ. ਮੇਜਰ ਸਿੰਘ (ਡਾਇਰੈਕਟਰ ਐਮ.ਐਸ.ਐਮ.ਈ.) ਨੇ ਆਏ ਹੋਏ ਮਹਿਮਾਨਾਂ ਦਾ ਫੁੱਲਾਂ ਦੇ ਗੁਲਸਤੇ ਭੇਂਟ ਕਰ ਕੇ ਸਵਾਗਤ ਕੀਤਾ ਅਤੇ ਵਿਭਾਗ ਦੀਆਂ ਸਕੀਮਾਂ ਬਾਰੇ ਸੰਖੇਪ ਜਾਣਕਰੀ ਦਿੱਤੀ।

ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੀ ਇੰਦਰ ਇਕਬਾਲ ਸਿੰਘ ਅਟਵਾਲ, ਰਾਸ਼ਟਰੀ ਪ੍ਰਧਾਨ, ਫੋਰਮ ਫਾੱਰ ਐਸ.ਸੀਫ਼ਐਸ.ਟੀ. ਲੈਜੀਸਲੇਚਰਜ਼ ਐਂਡ ਪਾਰਲੀ ਮੈਂਟੇਰੀਅਨਜ਼, ਨਵੀਂ ਦਿੱਲੀ, ਨੇ ਡੈਲੀਗੇਟਸ ਨੂੰ ਕਿਹਾ ਕਿ ਭਾਰਤ ਸਰਕਾਰ ਦੀਆਂ ਇਹਨਾਂ ਸਕੀਮਾਂ ਨੂੰ ਸਹੀ ਤਰ੍ਹਾਂ ਸਮਝ ਕੇ ਐਸ.ਸੀ. ਵਰਗ ਦੇ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਉਠਾਉਣਾ ਚਾਹੀਦਾ ਹੈ। ਉਹਨਾਂ ਨੇ ਸੰਬੰਧਿਤ ਵਿਭਾਗਾਂ ਦੇ ਅਫਸਰਾਂ ਨੂੰ ਵੀ ਬੇਨਤੀ ਕੀਤੀ ਕਿ ਵਿਭਾਗੀ ਪੱਧਰ ਤੇ ਕਾਰਵਾਈ ਕਰਕੇ ਇਹਨਾਂ ਸਕੀਮਾਂ ਨੂੰ ਹੋਰ ਵੀ ਸਰਲ ਅਤੇ ਉਪਯੋਗੀ ਬਣਾਉਣ ਦੇ ਉਪਰਾਲੇ ਕੀਤੇ ਜਾਣ।

ਇਸ ਮੌਕੇ ਐਸ. ਸੀ. ਐਸ.ਟੀ. ਸਬ ਪਲਾਨ ਤਹਿਤ ਜਾਰੀ ਹੁੰਦੀਆਂ ਗ੍ਰਾਂਟਾਂ ਦੇ ਸਹੀ ਉਪਯੋਗ ਲਈ ਪ੍ਰਭਾਵਸ਼ਾਲੀ ਕਾਨੂੰਨ ਬਣਵਾਉਣ ਖਾਤਰ ਇੱਕ ਹਸਤਾਖਰ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਅਧੀਨ ਪੰਜਾਬ ਵਿੱਚੋਂ ਦਸ ਲੱਖ ਹਸਤਾਖਰ ਕਰਵਾਉਣ ਦਾ ਟੀਚਾ ਮਿੱਥਿਆ ਗਿਆ ਹੈ।

ਸੈਮੀਨਾਰ ਵਿੱਚ ਮਾਹਿਰਾਂ ਵੱਲੋਂ ਹੇਠ ਦਰਸਾਈਆਂ





ਸਕੀਮਾਂ ਦੀ ਜਾਣਕਾਰੀ ਦਿੱਤੀ ਗਈ :-

1. ਐਸ.ਸੀ. ਐਸ.ਟੀ:- ਐਸ.ਸੀ. ਐਸ.ਟੀ. ਵਰਗ ਦੇ ਉਦਯੋਗਪਤੀਆਂ ਜਾਂ ਵਪਾਰੀਆਂ ਲਈ ਇਸ ਸਕੀਮ ਵਿੱਚ ਭਾਰਤ ਸਰਕਾਰ ਵੱਲੋਂ 490 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ। ਇਸ ਸਕੀਮ ਤਹਿਤ :-

ੳ) ਐਸ.ਸੀ. ਐਸ.ਟੀ. ਵਰਗ ਦੇ ਉਦਯੋਗਪਤੀ ਜਾਂ ਵਪਾਰੀ ਨੂੰ ਆਪਣੀ ਜਿਣਸ ਦੀ ਮਾਰਕੀਟਿੰਗ ਲਈ ਵੱਲੋਂ ਪ੍ਰਵਾਣਿਤ ਘਰੇਲੂ ਅਤੇ ਅੰਤਰ-ਰਾਸ਼ਟਰੀ ਵਪਾਰ ਮੇਲਿਆਂ ਵਿੱਚ ਸਟਾਲ ਲਗਾਉਣ ਲਈ ਕੀਤੇ ਗਏ ਖਰਚੇ ਦੀ 100% ਅਦਾਇਗੀ ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ ।

ਅ) ਐਸ.ਸੀ.ਫ਼ੈਸ.ਟੀ. ਵਰਗ ਦੇ ਉਦਯੋਗਪਤੀ ਵੱਲੋਂ ਆਪਣੇ ਉਤਪਾਦ ਦੇ ਮਾਨਕ ਨਿਸ਼ਚਿਤ ਕਰਵਾਉਣ ਲਈ ਹੋਣ ਵਾਲੇ ਖਰਚੇ ਦੀ 100% ਅਦਾਇਗੀ ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਵੈਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

2. ਸਟੈਂਡ ਅਪ ਇੰਡੀਆ:- ਇਹ ਸਕੀਮ ਨਵੇਂ ਉਦਮੀਆਂ ਲਈ ਆਪਣਾ ਉਦਯੋਗ ਜਾਂ ਵਪਾਰ ਸਥਾਪਤ ਕਰਣ ਦੇ ਮੰਤਵ ਨਾਲ ਤਿਆਰ ਕੀਤੀ ਗਈ ਹੈ। ਇਸ ਸਕੀਮ ਤਹਿਤ ਮੈਨੂਫੈਕਚਰਿੰਗ ਜਾਂ ਸੇਵਾ ਖੇਤਰ ਵਿੱਚ ਯੂਨਿਟ ਸਥਾਪਤ ਕਰਨ ਲਈ ਯੋਗ ਐਸ.ਸੀ./ਐਸ.ਟੀ. ਉਦਮੀਆਂ ਨੂੰ 10 ਲੱਖ ਰੁਪਏ ਤੋਂ 1 ਕਰੋੜ ਰੁਪਏ ਤੱਕ ਦਾ ਲੋਨ ਭਾਰਤ ਸਰਕਾਰ ਵੱਲੋਂ ਉਪਲਬਧ ਕਰਵਾਇਆ ਜਾਂਦਾ ਹੈ। ਪਬਲਿਕ ਸੈਕਟਰ ਬੈਂਕਾਂ ਦੀ ਹਰੇਕ ਬ੍ਰਾਂਚ ਵੱਲੋਂ, ਘੱਟੋ-ਘੱਟ ਇੱਕ ਐਸ.ਸੀ., ਇੱਕ ਐਸ.ਟੀ. ਅਤੇ ਇੱਕ ਔਰਤ ਉਦਮੀ ਨੂੰ, ਇਸ ਸਕੀਮ ਤਹਿਤ ਲੋਨ ਮੰਜ਼ੂਰ ਕਰਨਾ ਜ਼ਰੂਰੀ ਕੀਤਾ ਹੈ।

3.4% ਖਰੀਦ ਪਾਲਿਸੀ:- ਇਸ ਸਕੀਮ ਤਹਿਤ ਭਾਰਤ ਸਰਕਾਰ ਦੇ ਵਿਭਾਗਾਂ ਅਤੇ ਅਦਾਰਿਆ (ਜਿਵੇਂ ਕਿ ਭਾਰਤੀ ਸੈਨਾ, ਹਵਾਈ ਫੌਜ, ਰੇਲਵੇ, ਬੀ.ਐਸ.ਐਨ.ਐਲ., ਜੀਵਨ ਬੀਮਾ ਨਿਗਮ ਆਦਿ) ਵੱਲੋਂ ਕੀਤੀ ਜਾਣ ਵਾਲੀ ਖਰੀਦ ਵਿੱਚੋਂ ਘੱਟੋ-ਘੱਟ 4% ਖਰੀਦ ਐਸ.ਸੀ./ਐਸ.ਟੀ. ਉਦਮੀਆਂ (ਉਦਯੋਗਪਤੀ ਜਾਂ ਵਪਾਰੀ) ਪਾਸੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਇਸ ਵਰਗ ਦੇ ਉਦਮੀਆਂ ਨੂੰ ਆਪਣਾ ਮਾਲ ਵੇਚਣ ਮੌਕੇ ਵੀ ਪ੍ਰਦਾਨ ਕਰ ਰਹੀ ਹੈ।

4. ਵੈਂਚਰ ਫੰਡ ਫਾੱਰ ਐਸ.ਸੀ. :- ਇੰਡਸਟਰੀਅਲ ਫਾਇਨਾਂਸ ਕਾਰਪੋਰੇਸ਼ਨ ਆੱਫ ਇੰਡੀਆ ਦੀ ਇਸ ਸਕੀਮ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਉਦਮੀਆਂ (ਉਦਯੋਗਪਤੀਆਂ ਜਾਂ ਵਪਾਰੀਆਂ) ਦੀਆਂ ਕੰਪਨੀਆਂ ਨੂੰ 20 ਲੱਖ ਰੁਪਏ ਤੋਂ 15 ਕਰੋੜ ਰੁਪਏ ਤੱਕ ਦੇ ਲੋਨ ਉਪਲਬਧ ਕਰਵਾਏ ਜਾਂਦੇ ਹਨ।

5. ਕ੍ਰੈਡਿਟ ਇਨਹਾਂਸਮੈਂਟ ਸਕੀਮ:- ਇੰਡਸਟਰੀਅਲ ਫਾਇਨਾਂਸ ਕਾਰਪੋਰੇਸ਼ਨ ਆੱਫ ਇੰਡੀਆ ਦੀ ਵੈਂਚਰ ਫੰਡ ਸਕੀਮ ਤਹਿਤ ਮਿਲਣ ਵਾਲੇ ਲੋਨ ਦੀ ਕ੍ਰੈਡਿਟ ਲਿਮਟ ਵਿੱਚ 80% ਤੱਕ ਦਾ ਵਾਧਾ ਭਾਰਤ ਸਰਕਾਰ ਵੱਲੋਂ (ਬਤੌਰ ਕੋਲੈਟਰਲ) ਸਰਕਾਰ ਦੇ ਪੱਧਰ ਤੇ ਕੀਤਾ ਜਾਂਦਾ ਹੈ।

ਸ਼੍ਰੀ ਸੁਰਜੀਤ ਸਿੰਘ ਨੇ ਬੀ.ਬੀ.ਐਮ.ਬੀ. ਅਤੇ ਸ਼੍ਰੀ ਸੁਧੀਰ ਕੁਮਾਰ ਨੇਂ ਐਫ. ਸੀ. ਆਈ. ਦੀ ਖਰੀਦ ਪਾਲਸੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਐਨ. ਐਸ. ਆਈ. ਸੀ. ਦੇ ਸ਼੍ਰੀ ਡੀ.ਡੀ. ਮਹੇਸ਼ਵਰੀ ਵੱਲੋਂ ਉਦਯੋਗ ਅਧਾਰ ਨੰਬਰ ਦੀ ਰਜਿਸਟ੍ਰੇਸ਼ਨ ਅਤੇ ਇਸ ਦੇ ਫਾਇਦਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਫੋਰਮ ਦੇ ਚੇਅਰਮੈਨ ਅਤੇ ਡਿੱਕੀ ਦੇ ਪੰਜਾਬ ਚੈਪਟਰ ਦੇ ਕਨਵੀਨਰ ਸ਼੍ਰੀ ਸ਼ਮੀ ਕਪੂਰ ਨੇ ਉਦਯੋਗ ਅਤੇ ਵਪਾਰ ਦੇ ਖੇਤਰ ਵਿੱਚ ਪੇਸ਼ ਆਉਣ ਵਾਲੀਆਂ ਔਕੜਾਂ ਸਬੰਧੀ ਡੈਲੀਗੇਟਸ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੱਤੇ। ਫੋਰਮ ਦੇ ਸਰਪ੍ਰਸਤ ਸ਼੍ਰੀ ਰਮੇਸ਼ ਚੰਦਰ ਰਿਟਾਇਰਡ ਆਈ.ਐਫ.ਐਸ. ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸੈਮੀਨਾਰ ਦੀ ਪ੍ਰਧਾਨਗੀ ਸ਼੍ਰੀ ਪ੍ਰੇਮ ਪਾਲ ਡੁਮੇਲੀ ਨੇ ਕੀਤੀ ਅਤੇ ਮੰਚ ਸੰਚਾਲਨ ਸ਼੍ਰੀ ਜੀਵਨ ਸਿੰਘ ਅਤੇ ਸ਼੍ਰੀ ਕੁੰਦਨ ਲਾਲ (ਸਹਾਇਕ ਡਾਇਰੈਕਟਰ ਐਮ. ਐਸ. ਐਮ.ਈ.) ਨੇ ਕੀਤਾ। ਇਸ ਮੌਕੇ ਸ਼੍ਰੀ ਦਰਸ਼ਨ ਸਿੰਘ (ਮੈਂਬਰ ਅਨੁਸੂਚਿਤ ਜਾਤੀਆਂ ਕਮਿਸ਼ਨ) ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰ ਸਨ। ਸੈਮੀਨਾਰ ਨੂੰ ਕਾਮਯਾਬ ਬਣਾਉਣ ਲਈ ਸ਼੍ਰੀ ਧਰਮ ਪਾਲ, ਭੁਪਿੰਦਰ ਕੁਮਾਰ, ਅਮਿਤ ਕੁਮਾਰ, ਪਿਆਰੇ ਲਾਲ, ਗੁਰਵਿੰਦ ਕੁਮਾਰ, ਈਸ਼ਵਰ ਕੁਮਾਰ ਜੌਹਲ, ਅਕਸ਼ੇ ਕੁਮਾਰ, ਰਾਜ ਕੁਮਾਰ ਹੈਪੀ, ਸ਼੍ਰੀ ਗੁਰਦੇਵ ਸਿੰਘ, ਸੁਰੇਸ਼ ਮਹਿਮੀ, ਵਿਜੈ ਸਹਿਜਲ, ਗੁਰਵਿੰਦ ਕੁਮਾਰ ਪ੍ਰੈਸ ਸਕੱਤਰ ਆਦਿ ਨੇ ਅਣਥੱਕ ਮਿਹਨਤ ਕੀਤੀ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਜਸਬੀਰ ਸਿੰਘ ਧੀਮਾਨ



ਜਸਬੀਰ ਸਿੰਘ ਧੀਮਾਨ

ਪੰਜਾਬੀ ਪਰਵਾਸੀ ਸਾਹਿਤ ਦੀ ਚਰਚਾ ਵਧੇਰੇ ਕਰਕੇ ਇੰਗਲੈਂਡ, ਕੈਨੇਡਾ ਅਤੇ ਅਮਰੀਕੀ ਪ੍ਰਸੰਗ ਵਿਚ ਹੀ ਹੁੰਦੀ ਰਹੀ ਹੈ। ਇਸਦੇ ਕਈ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ ਇਨ੍ਹਾਂ ਪ੍ਰਦੇਸਾਂ ਦਾ ਵਿਕਸਿਤ ਦੇਸ਼ ਹੋਣ ਕਾਰਣ ਡਾਲਰ/ ਪੌਂਡ ਦੀ ਰੁਪਏ ਵਿਚ ਵਟਾਂਦਰਾ ਦਰ 50/ 80 ਗੁਣਾਂ ਵਧੇਰੇ ਹੋਣ ਕਰਕੇ ਹਰ ਕੋਈ ਇਧਰ ਨੂੰ ਹੀ ਜਾਣ ਦੀ ਸੋਚ ਰਿਹਾ ਹੈ। ਸਾਹਿਤਕਾਰ ਵੀ ਇਸ ਦਾ ਅਪਵਾਦ ਨਹੀਂ। ਜਦੋਂ ਇਨ੍ਹਾਂ ਦੇਸ਼ਾਂ ਦੇ ਕਾਨੂੰਨ ਸਖ਼ਤ ਹੁੰਦੇ ਹਨ ਤਾਂ ਯੂਰਪ ਦਾ 'ਯੂਰੋ' ਖਿੱਚ ਦਾ ਕਾਰਣ ਬਣ ਜਾਂਦਾ ਹੈ। ਇਸੇ ਕਾਰਣ ਖਾੜੀ ਦੇਸ਼ਾਂ ਵਿਚ ਜਾ ਕੇ ਹੱਡ ਭੰਨਵੀਂ ਕਮਾਈ ਕਰਦੇ ਅਤੇ ਪੰਜਾਬੀ ਸਾਹਿਤ ਦੀ ਲੋਅ ਜਗਾਈ ਰੱਖਣ ਵਾਲੇ ਸਾਹਿਤਕਾਰਾਂ ਨੂੰ ਮਾਰਜਿਨ ਤੋਂ ਵੀ ਬਾਹਰ ਧੱਕ ਦਿੱਤਾ ਜਾਂਦਾ ਹੈ। ਉਦਾਹਰਣ ਲਈ ਕੁਵੈਤ ਵਿਚ ਹੀ ਚਤਰ ਸਿੰਘ ਸਾਹਨੀ ਖਾਨਪੁਰੀ, ਗੁਰਚਰਨ ਸਿੰਘ ਫਲਕ, ਪਿਆਰਾ ਸਿੰਘ ਰਮਤਾ, ਗੁਰਬਖਸ਼ ਡੋਗਰਾ, ਕੇਦਾਰ ਨਾਥ ਕੇਦਾਰ, ਭਗਵੰਤ ਸਿੰਘ ਡੋਗਰਾ, ਚੰਨੀ ਫਰੀਦਾਬਾਦੀ, ਕਰਤਾਰ ਸਿੰਘ ਸਾਥੀ, ਰਣਜੀਤ ਬਾਬੂ (ਡੁਬਈ) ਅਤੇ ਜਸਬੀਰ ਸਿੰਘ ਧੀਮਾਨ ਦੇ ਨਾਵਾਂ ਨੂੰ ਕਿਸੇ ਵੀ ਪਰਵਾਸੀ ਸਾਹਿਤਕਾਰਾਂ ਦੀ ਲਿਸਟ ਵਿਚ ਥਾਂ ਨਹੀਂ ਮਿਲੀ। ਜਸਬੀਰ ਧੀਮਾਨ ਦੇ ਹੁਣ ਤੱਕ ਸੱਤ ਕਾਵਿ ਸੰਗ੍ਰਹਿ-ਦਿਨ ਵੇਲੇ ਦੀ ਬਾਤ, ਆਪਣੀ ਧੁੱਪੇ ਆਪਣੀ ਛਾਵੇਂ, ਕਲਮ ਉਦਾਸ ਹੈ, ਦਰਦ ਮਿੱਟੀ ਦਾ, ਵੋਹ ਲਫ਼ਜ਼ ਕੇ ਜੋ (ਉਰਦੂ), ਨਾਲਿ ਮੇਰੇ ਕੋਈ ਚੱਲੇ, ਅਤੇ ਮਹਿੰਦੀ ਦੇ ਪੱਤੇ ਪ੍ਰਕਾਸ਼ਿਤ ਹੋਏ ਹਨ। ਉਸਦੀ ਕਵਿਤਾ ਮਾਨਵੀ ਸੰਵੇਦਨਾ ਨਾਲ ਲਬਰੇਜ਼ ਹੈ। ਉਸਨੇ ਕਵਿਤਾਵਾਂ ਦੇ ਨਾਲ ਨਾਲ ਗ਼ਜ਼ਲਾਂ ਦੀ ਸਿਰਜਣਾ ਵੀ ਕੀਤੀ ਹੈ। ਇੱਥੇ ਅਸੀਂ ਉਸ ਦੀਆਂ ਦੋਨੋਂ ਵੰਨਗੀਆਂ ਦੇ ਰਹੇ ਹਾਂ।

**-ਡਾ. ਕਰਮਜੀਤ ਸਿੰਘ**

## ਗ਼ਜ਼ਲ

ਆਪਾਂ ਕਵਿਤਾਵਾਂ 'ਚੋਂ ਲੱਭਦੇ ਸ਼ਹਿਰ ਗਏ।
ਅਰਥਾਂ ਦੀ ਜਦ ਗੱਲ ਤੁਰੀ ਤਾਂ ਠਹਿਰ ਗਏ।

ਸਾਡਾ ਆਪਾ ਸਾਨੂੰ ਛੱਡ ਕੇ ਦੂਰ ਗਿਆ,
ਆਪਾਂ ਯਾਰਾ! ਜਦ ਵੀ ਤੇਰੇ ਸ਼ਹਿਰ ਗਏ।

ਭੁੱਲ ਚੁੱਕੇ ਸਾਂ ਸੱਭੇ ਗੱਲਾਂ ਪਿਆਰ ਦੀਆਂ,
ਖਿੜਕੀ ਖੁੱਲ੍ਹੀ ਤੱਕੀ ਤਾਂ ਹੀ ਠਹਿਰ ਗਏ।

ਤੇਰਾ ਥਹੁ-ਟਿਕਾਣਾ ਕੋਈ ਲੱਭਿਆ ਨਾ,
ਆਪਾਂ ਤੈਨੂੰ ਲੱਭਦੇ ਸ਼ਹਿਰੋ-ਸ਼ਹਿਰ ਗਏ।

ਤਾਜ਼ੇ ਪਾਣੀ ਉਹੀਓ ਜਿਹੜੇ ਚਲਦੇ ਰਹਿਣ,
ਗੰਧਲਾਏ ਜੋ ਰਾਹਾਂ ਦੇ ਵਿਚ ਠਹਿਰ ਗਏ।

ਯਾਰਾਂ ਸਦਕਾ ਅਸੀਂ ਸਬੂਤੇ ਦਿਸਦੇ ਹਾਂ,
ਉਂਝ ਤਾਂ ਸਾਡੇ ਉਪਰੋਂ ਲੰਘ ਕਈ ਕਹਿਰ ਗਏ।

## ਗ਼ਜ਼ਲ

ਬਿਰਹਾ ਦੇ ਜੋ ਬੋਲ ਲਬਾਂ 'ਤੇ ਆਏ ਹਨ।
ਮਨ ਦੀ ਧਰਤੀ ਨੇ ਇਹ ਸਭ ਹੰਢਾਏ ਹਨ।

ਉਹਨਾਂ ਦੇ ਸਭ ਦੁੱਖ-ਸੁੱਖ ਸਾਡੇ ਵਰਗੇ ਹਨ,
ਫਿਰ ਦੱਸੋ ਉਹ ਲੋਕੀਂ ਕਿੰਝ ਪਰਾਏ ਹਨ?

ਲੋਕਾਂ ਦੇ ਲਈ ਆਪਾਂ ਫੁੱਲ ਉਗਾਉਂਦੇ ਰਹੇ,
ਸਾਡੇ ਹਿੱਸੇ ਖ਼ਾਰ ਭਲਾ ਕਿਉਂ ਆਏ ਹਨ?

ਉਹਨਾਂ ਬੋਲਾਂ ਨੇ ਹੀ ਸੱਚੇ ਰਹਿਣਾ ਏਂ,
ਅਮਲਾਂ ਦੀ ਭੱਠੀ ਵਿਚ ਜਿਹੜੇ ਤਾਏ ਹਨ।

ਉਹਨਾਂ ਦੇ ਦੁੱਖ ਆਪਣੇ ਕਿਉਂ ਹੁਣ ਲੱਗਦੇ ਨਹੀਂ,
ਉਹ ਵੀ ਤਾਂ ਆਖ਼ੀਰ ਕਿਸੇ ਦੇ ਜਾਏ ਹਨ।

## ਗ਼ਜ਼ਲ

ਦੁੱਖਾਂ ਭਰੀ ਕਹਾਣੀ ਦੇ ਦੋ ਪਾਤਰ ਹਾਂ।
ਸੱਜਣੀ! ਤੂੰ ਏਂ ਅੱਵਲ 'ਤੇ ਮੈਂ ਆਖ਼ਰ ਹਾਂ।

ਤੜਫ ਜਿਸ ਨੇ ਤੇਰੀ ਪਿਆਸ ਬੁਝਾਉਣੀ ਏਂ,
ਸੱਜਣੀ! ਪਿਆਰ ਦਾ ਭਰਿਆ ਮੈਂ ਉਹ ਸਾਗਰ ਹਾਂ।

ਤੇਰੀ ਪੁਸਤਕ ਦੇ ਵਿਚ ਜਿਸ ਨੇ ਰਹਿਣਾ ਏਂ,
ਪਿਆਰ ਦੇ ਰੁੱਖ ਤੋਂ ਟੁੱਟਿਆ ਮੈਂ ਉਹ ਪੱਤਰ ਹਾਂ।

ਮੇਰੇ ਬਾਝੋਂ ਤੂੰ ਵੀ ਕਦੋਂ ਮੁਕੰਮਲ ਏਂ?
ਤੇਰੇ ਨਾਂ ਦਾ ਮੈਂ ਹੀ ਪਹਿਲਾ ਅੱਖਰ ਹਾਂ।

ਜਿੱਥੇ ਵੀ ਇਹ ਡਿਗਿਆ ਨਗ਼ਮਾ ਬਣ ਜਾਣਾ,
ਤੇਰੀ ਸੋਚ ਦੇ ਰੁੱਖ ਦਾ ਮੈਂ ਉਹ ਪੱਤਰ ਹਾਂ।

## ਗ਼ਜ਼ਲ

ਕਿਸ ਚੰਦਰੇ ਨੇ ਕਿਹੜੇ ਵੇਲੇ ਕਿਸ ਦਾ ਨਾਮ ਲਿਆ?
ਪਲ ਭਰ ਦੇ ਵਿਚ ਚੜ੍ਹ ਆਏ ਨੇ ਅੱਖਾਂ ਦੇ ਦਰਿਆ।

ਤੇਰਾਂ ਦੇ ਅੰਦਰ ਕੋਈ ਵੀ ਅਕਸ ਨਾ ਉੱਭਰਿਆ।
ਭਾਵੇਂ ਜੀਵਨ ਸ਼ੀਸ਼ੇ ਸਾਹਵੇਂ ਸਭ ਕੁਝ ਆਏ ਵਿਖਾ।

ਰੰਗ ਲਿਆਵੇਗੀ ਕੁਰਬਾਨੀ ਸਿਰਲੱਥਾਂ ਦੀ ਇਕ ਦਿਨ,
ਸਭ ਕੁਝ ਜਿਹੜੇ ਭੁੱਲ-ਭੁਲਾ ਕੇ ਆਪਾ ਰਹੇ ਲੁਟਾ।

ਜਦ ਵੀ ਕਿਧਰੇ ਪਿਆਰ ਕਿਸੇ ਦਾ ਯਾਰੋ! ਸੂਲੀ ਚੜ੍ਹਿਆ,
ਵਿਚ ਥਲਾਂ ਦੇ ਰੌਲਾ ਪਾਉਂਦੀ ਫਿਰਦੀ ਰਹੀ ਹਵਾ।

ਭੁੱਲ-ਭੁਲਾ ਕੇ ਉਸ ਨੂੰ ਆਪਾਂ ਦਿਨ ਕੱਟੀ ਹਾਂ ਕਰਦੇ,
ਜਦ ਵੀ ਆਵੇ ਯਾਦ ਸੱਜਣ ਦੀ ਲੈ ਜਾਵੇ ਭਰਮਾ।

## ਕਵਿਤਾ

ਕੋਸ਼ਿਸ਼ ਕਰੀਏ
ਮਨ ਧਰਤੀ 'ਤੇ
ਉਗਦੀਆਂ ਰਹਿਣ ਕਵਿਤਾਵਾਂ।

ਨਹੀਂ ਤਾਂ ਮਨ ਧਰਤੀ ਉਤੇ
ਬਹੁਤ ਕੁਝ ਉਗ ਆਵੇਗਾ
ਬੇਗਾਨਾ ਤੇ ਬੇਲੋੜਾ ਜਿਹਾ
ਜੋ ਘੇਰ ਲਵੇਗਾ ਮਨ ਧਰਤੀ ਨੂੰ
ਫੈਲ ਜਾਵੇਗਾ
ਮਾਰੂ ਦਿਸਹੱਦਿਆਂ ਤੱਕ

ਮਨ ਧਰਤੀ ਤੇ
ਜੇ ਹੋਣਗੀਆਂ ਕਵਿਤਾਵਾਂ
ਬਦਲਦੇ ਮੌਸਮ ਹੋਣਗੇ
ਫਸਲਾਂ ਹੋਣਗੀਆਂ
ਗੀਤ ਗਾਉਂਦੇ ਪੰਛੀ ਹੋਣਗੇ
ਬੜਾ ਕੁਝ ਬਦਲੇਗਾ
ਬੜਾ ਕੁਝ ਬਦਲਣ ਵਿਚ
ਸਮੇਂ ਜਾਵੇਗਾ ਜੀਵਨ
ਜੀਵਨ ਨੂੰ ਲੱਭਦੀਆਂ ਕਵਿਤਾਵਾਂ
ਮਨ ਧਰਤੀ ਨਾਲ
ਰਿਸ਼ਤਾ ਬਣਾਈ ਰੱਖਣਗੀਆਂ।

ਜੇ ਚਾਹੀਏ ਜੀਣਾ
ਤਾਂ ਕੋਸ਼ਿਸ਼ ਕਰੀਏ
ਮਨ ਧਰਤੀ ਤੇ
ਉਗਦੀਆਂ ਰਹਿਣ ਕਵਿਤਾਵਾਂ।

## ਮਾਂ ਦੇ ਹੱਥ

ਮੈਨੂੰ ਆਪਣੇ ਘਰ ਵਿਚ
ਹਰ ਪਲ ਹਰ ਪਾਸੇ
ਦਿਸਦੇ ਹਨ ਮਾਂ ਦੇ ਹੱਥ
ਇਹੀ ਉਹ ਹੱਥ ਹਨ
ਜਿਹਨਾਂ ਸਦਕਾ
ਸਾਡਾ ਮਕਾਨ ਘਰ ਬਣਿਆ
ਸ਼ਗਨਾਂ ਵਾਲੀ ਥਾਂ ਬਣਿਆ
ਮਕਾਨ ਨੂੰ ਘਰ ਬਣਾਉਂਦਿਆਂ
ਰੂਹ ਦੀ ਸਿਰਜਣਾ
ਉਹਨਾਂ ਹੱਥਾਂ ਨੇ ਹੀ ਕੀਤੀ ਸੀ
ਮਾਂ ਤੋਂ ਬਾਅਦ
ਹੱਥਾਂ ਦੇ ਕਰਿਸ਼ਮੇ ਦੀ ਗੱਦੀ
ਪਤਨੀ ਕੋਲ ਆ ਗਈ
ਮੇਰੇ ਵਿਆਹ 'ਤੇ
ਮਾਂ ਦੇ
ਮਾਈਏਂ ਲੱਗੇ ਹੱਥਾਂ ਦੇ ਨਿਸ਼ਾਨ
ਘਰ ਦੀ ਕੰਧ 'ਤੇ ਛਪ ਗਏ
ਪੁੱਤਰਾਂ ਦੇ ਵਿਆਹ ਸਮੇਂ
ਛਪ ਗਏ ਪਤਨੀ ਦੇ ਹੱਥਾਂ ਦੇ ਨਿਸ਼ਾਨ
ਇਹ ਸਾਰੇ ਨਿਸ਼ਾਨ
ਇਕ-ਦੂਜੇ ਵਿਚ ਗੁੰਮ ਜਾਂਦੇ ਹਨ
ਇਕ-ਦੂਜੇ ਵਿਚੋਂ ਉੱਭਰ ਆਉਂਦੇ ਹਨ
ਇਹਨਾਂ ਨਿਸ਼ਾਨਾਂ ਸਦਕਾ
ਇਹ ਘਰ ਸ਼ਗਨਾਂ ਵਾਲਾ ਹੈ
ਔਰਤ ਦੇ ਹੱਥਾਂ ਤੋਂ ਬਿਨਾ
ਮਕਾਨ ਘਰ ਨਹੀਂ ਬਣਦਾ।

## ਗ਼ਜ਼ਲ

ਜਿੰਨੀ ਕੀਤੀ ਹਾਏ-ਹਾਏ।
ਓਨੇ ਅਪਣੇ ਦਰਦ ਵਧਾਏ।

ਪੀਡ ਗਏ ਰੂਹਾਂ ਦੀਆਂ ਨਾੜਾਂ,
ਚੰਗੀ ਪੀੜ ਵੰਡਾਵਣ ਆਏ।

ਉਸ ਦਿਨ ਤੋਂ ਕੁਝ ਵੀ ਨਾ ਦਿਸਦਾ,
ਜਿਸ ਦਿਨ ਦੇ ਉਹ ਨਜ਼ਰੀਂ ਆਏ।

ਜਿਹੜੇ ਪਾਣੀ ਸਮਤਲ ਰਹਿੰਦੇ,
ਭੇਤ ਉਹਨਾਂ ਦਾ ਕਿਹੜਾ ਪਾਏ?

ਮੇਰੀ ਸੋਚ 'ਚ ਮੇਰੀ ਕਲਪਣ,
ਕਲਪਣ ਅੰਦਰ ਤੇਰੇ ਸਾਏ।

ਕਫ਼ਨ ਜਿਹਨਾਂ ਦੇ ਸਿਰ 'ਤੇ ਬੱਧੇ,
ਮੌਤ ਉਹਨਾਂ ਦੇ ਪੈਰ ਦਬਾਏ।

## ਧੂੜ

ਜਦੋਂ ਕੋਈ ਬਿਮਾਰੀ
ਆ ਕੇ ਕਹਿੰਦੀ ਹੈ
ਤੈਨੂੰ ਮਿਲਣ ਆਈ ਹਾਂ
ਬੰਦਾ ਕੰਬ ਜਾਂਦਾ ਹੈ

ਜਦੋਂ ਕਰਜ਼ਾ ਲੈਣ ਵਾਲਾ
ਦਰਵਾਜ਼ੇ ਤੇ ਆ ਦਸਤਕ ਦੇਵੇ
ਬੰਦਾ ਫਿਕਰਾਂ 'ਚ ਲਹਿ ਜਾਵੇ

ਜਦੋਂ ਅਤੀਤ ਦ੍ਰਿਸ਼ ਦ੍ਰਿਸ਼ ਹੋ ਕੇ
ਅੱਖਾਂ ਅੱਗੋਂ ਗੁਜ਼ਰੇ
ਬੰਦਾ ਉਸ ਨੂੰ ਫੜ ਲੈਣਾ ਚਾਹਵੇ

ਜਦੋਂ ਜ਼ਿੰਦਗੀ
ਆਖ਼ਿਰ ਕੀ ਪਾਇਆ ਦਾ ਸਵਾਲ ਕਰੇ
ਬੰਦਾ ਮੂੰਹ ਮੋੜ
ਉਦਾਸ ਇਕੱਲੇ ਰਾਹ ਵੱਲ ਵੇਖਣ ਲੱਗੇ

ਕੁਝ ਵੀ ਸਾਫ ਨਜ਼ਰ ਨਹੀਂ ਆਉਂਦਾ
ਬੱਸ ਧੂੜ ਉਡਦੀ ਦਿਖਾਈ ਦੇਂਦੀ ਹੈ।

## ਮੋਹ-ਭੰਗ

ਮੋਹ 'ਚ ਗੁਆਚੇ ਗੁਜ਼ਾਰ ਦੇਂਦੇ ਹਾਂ ਲੰਮਾ ਸਮਾਂ
ਕਿਸੇ ਨਾਲ ਹੋਇਆ ਮੋਹ-ਭੰਗ ਜਗਾ ਦੇਂਦਾ ਹੈ
ਜਾਗਣ ਤੇ ਬੜਾ ਕੁਝ ਨਵਾਂ ਦਿਸਦਾ
ਬੜਾ ਕੁਝ ਨਜ਼ਰਾਂ ਦੇ ਘੇਰੇ 'ਚ ਨਹੀਂ ਆਉਂਦਾ
ਜਿਸ ਦੇ ਮੋਹ ਵਿਚ ਕਰ ਗਏ ਲੰਮਾ ਸਫਰ
ਥੱਕਿਆ ਜਿਸਮ ਥੱਕਿਆ ਮਨ
ਜਾਗਣ ਨਾਲ ਕਈ ਨਵੇਂ ਮਾਅਨੇ ਸਮਝ ਪਏ
ਨਿਆਂ ਤੇ ਸੱਚ ਕੀ ਹੈ
ਅਨਿਆਂ ਤੇ ਅਸੱਚ ਕੀ ਹੈ
ਕਿਵੇਂ ਬਦਲ ਜਾਂਦੇ ਇਹਨਾਂ ਦੇ ਚਿਹਰੇ
ਬੰਦਾ ਬਦਲੇ ਚਿਹਰੇ ਦੇਖ ਕੇ ਹੈਰਾਨ ਨਹੀਂ ਹੁੰਦਾ
ਰੋਹ ਵਿਚ ਆਉਂਦਾ ਹੈ
ਰੋਹ ਕਿਸੇ ਤੇ ਨਹੀਂ ਆਪਣੇ ਤੇ
ਆਪਾ ਜਿਹੜਾ ਮੋਹ 'ਚ ਫਸਿਆ
ਇਹ ਕੁਝ ਪਹਿਲਾਂ ਤੱਕ ਨਹੀਂ ਸਕਿਆ।

## ਫੁੱਲਾਂ 'ਚ ਲੁਕਣਾ

ਪਾਰਕ ਵਿਚ ਬੈਠਿਆਂ
ਇਕ ਵਾਰ ਤੂੰ ਕਿਹਾ ਸੀ
ਅਸੀਂ ਬੁੱਢੇ ਹੋ ਕੇ ਵੀ
ਇਸ ਪਾਰਕ ਵਿਚ ਮਿਲਾਂਗੇ
ਫੁੱਲਾਂ ਨਾਲ ਗੁਫਤਗੂ ਕਰਾਂਗੇ
ਉਹਨਾਂ ਦੇ ਰੰਗ
ਇਕ-ਦੂਜੇ ਦੇ ਚਿਹਰੇ 'ਤੇ ਮਲਾਂਗੇ
ਫੁੱਲਾਂ ਵਿਚ ਲੁਕ ਜਾਵਾਂਗੇ ਦੋਵੇਂ
ਕਿੰਨਾ ਚੰਗਾ ਲੱਗੇਗਾ
ਮੈਂ ਹੁਣ ਜਦ ਬੁੱਢਾ ਹੋ ਗਿਆ ਹਾਂ
ਪਾਰਕ ਵਿਚ ਬੈਠਾ
ਉਹਨਾਂ ਪਲਾਂ ਬਾਰੇ ਸੋਚ ਰਿਹਾ ਹਾਂ
ਸੋਚ ਰਿਹਾ ਹਾਂ ਤੇਰੇ ਬਾਰੇ
ਕਿ ਤੂੰ ਵੀ ਬੁੱਢੀ ਹੋ ਗਈ ਹੋਵੇਂਗੀ
ਸਿਰ ਨੂੰ ਝਟਕ ਦੇਂਦਾ ਹਾਂ
ਮੇਰੀ ਸੋਚ ਵਿਚਲੀ ਤੂੰ
ਅਜੇ ਬੁੱਢੀ ਨਹੀਂ ਹੋਈ
ਉਹ ਅੱਜ ਵੀ
ਫੁੱਲਾਂ ਨਾਲ ਗੁਫਤਗੂ ਕਰਦੀ ਹੈ
ਉਹਨਾਂ ਦੇ ਰੰਗ
ਹੱਥਾਂ 'ਚ ਫੜਦੀ ਹੈ
ਉਹ ਹੁਣ ਫੁੱਲਾਂ 'ਚ ਲੁਕਦੀ ਨਹੀਂ
ਉਸ ਦੀ ਨਜ਼ਰ ਮੈਨੂੰ ਲੱਭਦੀ ਹੈ
ਫੁੱਲਾਂ 'ਚ ਲੁੱਕ ਜਾਣ ਲਈ।

## ਸੰਵਾਦ

ਬਹੁਤ ਕਠਿਨ ਹੁੰਦਾ ਹੈ
ਆਪਣੇ ਆਪ ਨਾਲ
ਸੰਵਾਦ ਰਚਾਉਣਾ

ਫਿਰ ਵੀ ਜੇ ਅਸੀਂ
ਸੰਵਾਦ ਰਚਾ ਸਕੀਏ
ਫੁੱਲਾਂ ਨਾਲ, ਪੰਛੀਆਂ ਨਾਲ
ਬੱਦਲਾਂ ਨਾਲ, ਬਾਰਿਸ਼ ਨਾਲ
ਬਹਾਰ ਨਾਲ, ਪਤਝੜ ਨਾਲ
ਵਿਛੋੜੇ ਤੇ ਵਿਸਾਲ ਨਾਲ
ਰੋਣ ਨਾਲ ਹੱਸਣ ਨਾਲ
ਹਨ੍ਹੇਰੇ ਤੇ ਰੌਸ਼ਨੀ ਨਾਲ
ਕੁਦਰਤ ਨਾਲ ਜੁੜੇ
ਹਰ ਕਣ ਨਾਲ

ਫੇਰ ਅਸੀਂ
ਆਪਣੇ ਆਪ ਨਾਲ ਵੀ
ਸੰਵਾਦ ਰਚਾ ਸਕਦੇ ਹਾਂ।

## ਉਹਨਾਂ ਕਵਿਤਾਵਾਂ ਦੇ ਨਾਂ

ਮੈਂ ਆਪਣੀ ਤਲੀ ਤੇ
ਉਗ ਆਏ ਹਰਫਾਂ ਨੂੰ
ਉਹਨਾਂ ਕਵਿਤਾਵਾਂ ਦੇ ਨਾਂ
ਕਰ ਦਿੱਤਾ ਹੈ
ਜੋ ਸਮੇਂ ਸਮੇਂ ਮੇਰੇ ਕੋਲ ਆਈਆਂ
ਮੈਂ ਕੰਮ ਵਿਚ ਰੁੱਝੇ
ਜਾਂ ਆਪੇ ਦੀ ਮਸਤੀ ਵਿਚ
ਉਹਨਾਂ ਵੱਲ
ਧਿਆਨ ਨਾ ਦਿੱਤਾ
ਉਹ ਆਈਆਂ
ਉਹਨਾਂ ਕੁਝ ਪਲ
ਮੈਨੂੰ ਨਿਹਾਰਿਆ
ਮੁਸਕਰਾਈਆਂ
ਤੇ ਚਲੇ ਗਈਆਂ।

## ਚੰਗਾ ਲੱਗਣਾ

ਭੁੱਖ ਉਡਾ ਲੈ ਜਾਂਦੀ ਹੈ
ਪੰਛੀਆਂ ਨੂੰ ਦੂਰ ਬਹੁਤ ਦੂਰ
ਧਰਤ ਦੇ ਕਿਸੇ ਹਿੱਸੇ 'ਤੇ
ਆਪਣੀ ਭੁੱਖ ਮਿਟਾਉਂਦੇ
ਪੱਕਾ ਟਿਕਾਣਾ ਬਣਾ ਲੈਂਦੇ
ਭੁੱਲ ਜਾਂਦੇ
ਛੁਟ ਗਈ ਧਰਤ ਦੇ ਮੌਸਮ
ਤਿਉਹਾਰ, ਲੋਕ ਗੀਤ
ਬਸ ਕਦੀ-ਕਦੀ
ਉਥੇ ਦੇ ਮੌਸਮਾਂ ਜਿਹਾ
ਤਿਉਹਾਰਾਂ ਜਿਹਾ ਮਹਿਸੂਸ ਹੁੰਦਾ
ਉਡ ਕੇ ਪਹੁੰਚ ਜਾਣਾ ਚਾਹੁੰਦੇ
ਛੁੱਟ ਗਈ ਧਰਤ 'ਤੇ
ਪਰ ਭੁੱਖ ਦੀ ਪੂਰਤੀ ਰੋਕ ਲੈਂਦੀ
ਫਿਰ ਨਵੀਂ ਧਰਤ ਦੇ
ਮੌਸਮ, ਤਿਉਹਾਰ, ਲੋਕ ਗੀਤ
ਚੰਗੇ ਲੱਗਣ ਲੱਗਦੇ।

## ਰੁਖ਼ਸਤੀ

ਅੱਧੇ ਮਨ ਨਾਲ ਪੜ੍ਹੀ ਕਵਿਤਾ
ਅੱਧੇ ਮਨ ਨਾਲ
ਮਿੱਤਰਾਂ ਨਾਲ ਮੁਲਾਕਾਤ

ਅੱਧੇ ਮਨ ਨਾਲ
ਜੀਵਿਆਂ ਪਰਿਵਾਰਕ ਜੀਵਨ

ਅੱਧੇ ਮਨ ਨਾਲ ਪ੍ਰਵਾਸ ਨੂੰ ਆਉਣਾ
ਅੱਧੇ ਮਨ ਨਾਲ ਪਰਤਣਾ ਘਰ ਨੂੰ

ਹੁਣ ਸੋਚਦਾ ਹਾਂ
ਇਸ ਸਫਰ ਦੇ ਅਖ਼ੀਰ ਤੇ
ਕੀ ਇੱਥੋਂ ਰੁਖ਼ਸਤੀ ਵੀ
ਅੱਧੇ ਮਨ ਨਾਲ ਹੋਵੇਗੀ।

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਸਾਰੀ ਖਲਕ ਖਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਹਿੰਦੋਸਤਾਨ ਕਿਉਂ ਨੀ

**ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ 1917 ਈ ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ**

# ਮੇਲਾ ਗਦਰੀ ਬਾਬਿਆਂ ਦਾ


ਭਾਈ ਬਲਵੰਤ ਸਿੰਘ ਖੁਰਦਪੁਰ


ਹਾਫ਼ਜ਼ ਅਬਦੁਲਾ (ਜਗਰਾਵਾਂ)


ਜਵੰਦ ਸਿੰਘ ਨੰਗਲ


ਹਰਨਾਮ ਸਿੰਘ ਨਾਮਾ ਫਾਂਸੀਵਾਲਾ


ਡਾ. ਮਥਰਾ ਸਿੰਘ


ਅਰੂੜ ਸਿੰਘ ਸੰਘਵਾਲ

ਤੇ ਹੋਰ ਗਦਰੀ ਸ਼ਹੀਦ

## ਐਤਵਾਰ 8 ਅਕਤੂਬਰ 2017

(ਦੁਪਹਿਰ 12 ਵਜੇ ਤੋਂ 8 ਵਜੇ ਤੱਕ)

## ਸਥਾਨ: ਐਸ. ਈ. ਐਸ. ਹਾਲ

10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

ਜੂਝਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ। ਪੌਣ ਦੀ ਝੋਲੀ ਵਿਚ ਖਸ਼ਬੂ ਗੀਤ ਗਾਉਂਦੇ ਰਹੀਦਾ।

ਸਤਿਕਾਰਯੋਗ ਭੈਣੋ ਤੇ ਭਰਾਓ, 2017 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੁੱਖ ਭੋਗੇ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਜਨ ਸਮੂਹਾਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ ਅਤੇ ਕੌਮੀ ਮੁਕਤੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ! ਸਾਰੇ ਰਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।



### ਪਹੁੰਚ ਰਹੇ ਕਲਾਕਾਰ

ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਹੋਰ ਕਲਾਕਾਰ।
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜੱਥਾ ਵਾਰਾਂ ਪੇਸ਼ ਕਰੇਗਾ।

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।
ਖਾਣਾ, ਪਾਰਕਿੰਗ ਤੇ ਦਾਖ਼ਲਾ ਮੁਫ਼ਤ ਹੋਵੇਗਾ।
ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।

ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ
ਫੋਨ: 916-420-2390

ਸਕੱਤਰ ਗਿਆਨ ਸਿੰਘ ਬਿਲਗਾ
ਫੋਨ: 661-397-7330

ਖਜ਼ਾਨਚੀ ਜਗਜੀਤ ਸਿੰਘ ਗਿੱਲ
ਫੋਨ: 209-985-1552

ਸਮਿੱਤਰ ਸਿੰਘ ਊਪਲ
ਫੋਨ: 530-695-1716


ਬਲਬਿੰਦਰ ਸਿੰਘ ਭੱਟੀ
ਫੋਨ: 209-480-2275

ਬਲਵੰਤ ਬਾਂਕਾ
ਫੋਨ: 916-271-4216

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਹਰਪਾਲ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਰਮਜੀਤ ਸਿੰਘ ਕੰਗ, ਸਵਰਨ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਭੋਗਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੇਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ)।

**ਸਪਾਂਸਰ:** ਗੁਰਚਰਨ ਸਿੰਘ ਰੱਕੜ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ ਜੱਸਤ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਣ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਬਾਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼।

Video & Photography: Shiara Singh Dhindsa, Omni Video 661-703-6664, www.omnivideousa.com


CHARDA PUNJAB CLUB
Sacramento, CA
in association with
TRANSPORT XPRESS
presents
Punjab Lokrang's
ਹੁਕਮੋ ਦੀ ਹਵੇਲੀ
Hukmo di Haveli
A Punjabi Drama
Written & Directed By Surinder Singh Dhanoa
A Story of Love and Revenge ...
Date: Saturday, October 7, 2017
Time: Doors Open 6:00 PM (Show Starts 7:00 PM)
Tickets: $25 (First Come First Serve)
Venue: Granite Bay High School, 1 Grizzly Way, Granite Bay CA 95746
www.punjablokrang.org
For more information call Lucky Ghuman (916) 273-2392, Virsa Singh Gill (916) 949-6205, Baljinder Singh Johal (916) 217-9294


SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA
INTERNATIONAL KABADDI CUP 2017
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
Sunday, October 1st, 2017
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
ਇਨਾਮਾਂ ਦਾ ਵੇਰਵਾ ਕਬੱਡੀ ਓਪਨ
» ਪਹਿਲਾ ਇਨਾਮ Charda Punjab Club, Sacrmento
» ਦੂਜਾ ਇਨਾਮ Central Valley Cultural & Sports Club
» ਤੀਜਾ ਇਨਾਮ Santa Rosa Brothers
» ਚੌਥਾ ਇਨਾਮ Yuba City Brothers
Kabaddi Clubs California
» Shaheed Baba Deep Singh Sport Club
» Bay Area Sports Club
» Fresno Sport Club
» Fateh Sport Club
Grand Sponsor of Vollyball
Sheru Bhatia Grand Sponsor of Basket Ball
CHICAGO'S PIZZA With-A-Twist
Raj Brar & Chicago Pizza Grand Sponsor Kabaddi Under 25
Lucky Sahota
Bhinda Sanghera
COMMENTARY
Rajwinder S Randiala
Makhan Ali
Iqbal Singh Gill
Asha Sharma
Sukhwinder Sanghera
Chief Guests
Neetu Kang (President National Kabaddi Association of Canada Vancouver BC)
Lally Dhesi
Olympian Surinder Singh Sodhi
Boota Chahal
MAIN SPONSORS & WELL WISHERS
Shaheed Baba Deep Singh Sport Academy Sacramento CA
Pala Jalalpur
Khushi Dirba
Dulla Bagga Pind
Yogi Haryana
Gurlal Ghanour
Mangi Bagga Pind
Jatinder Bains
Pawan Dhillon
Junni Gill
Bhoora
Jagga Randhawa
Teji Punia
Lakha Kothe Jattan
Jesus & Jero
Channa Bheta
Resham Jamarai
Sandeep Nangal Ambia
Gurpreet Burj Hari
Sandeep Ludhar
Sultan
Sandeep Surkhpur
Ruby Harkhowal
Sethi Harkhowal
Bana Dhaliwal
Amrit Duggan
Sukha Bhandal
Pamma Jhandeir
Yaad Kotli
Jesse Sahota
Happy Simply Sahib
Sattu Khadoor Sahib
Yadda Surkhpur
Sardool Dhillon
Harjit Swaich
Simranjit Hayer
Paul Bariana
Sikandar Grewal
Garry Toor
Tirth Toor
Harry Punni
Ranvir Nijjar
Sukh Kular
Bhana Khakh
Babbal
Jaswant Sarana
Sonu Atwal
Sam Gill
Piara Sandhu
Pappu Gosal
Jagdeep Jagga
Maneet Deol
Boota Singh Johal
Harjinder Bolina
Jasvir Sohal
Pamma Atwal
Amritpal Tiwana
Baljinder Kaler
Rajiv Agnish
Hamant Agnish
Gope
Sukhi Virk
Jarnail Rakar
Pal S Takhar
Malkit Boparai
Jaswinder Boparai
Bob Gill
Rammi Cheema
Jasmail Chitti
Baljit Sandhu
Kash Dhesi
Gurjit Deol
Balwant Malha
Inder
Sehzaad
J.P. Kular
Tahir Rasheed
Tirth Ghakhal
Gurnam Grewal
Jandi
Ravinder Kahlon
Inder
Hardeep Hayer
Amrik Parhar
Paramjit S Johal
Avtar Dhillon
G Khehra
Balkar Liddar
Taljit Purewal
Navi Hothi
Lakhi
Lally Jhutti
Sarabjit Bilina
Aman Singh
Bobby Sandhu
Kehar S Gill
Naseeb Aujhla
Mandeep Thiara
Majid Pasha
Iqbal Singh
Jasvir Kaur
Sky High Insurance Agency
Jasvir Kaur
209 253 0660
FOR ALL KABADDI INFORMATION CALL
Happy Bariana 916-240-4110
Bittu Randhawa 916-897-1752
Harry Sangha 916-663-3270
Goldy Lally 916-275-8825
Pamma Lidhar 916-317-3640
Tarlochan Atwal 916-416-0144
Happy Aulakh
Ginda Palwan
Pindi Sandhu
Ladda Kahlon
Pargat Sandhu 209-610-5867
Gurmit Wraich 916-240-0369
Narinder Thandi 916-813-1442
Sukhdev Lambardar 916-213-0307
Jassi Sangha 916-613-1253
Manjit Nijjar 916-869-4700
Balwant Singh Virk
Davinder Singh
Lakhvir Singh Aujla
Dhira Nijjar 916-416-9527
LIVE KABADDI CUP FROM GLOBAL PUNJAB
Media Partner
channel punjabi
ਅਜੀਤ
LIVE KABADDI
ਪੰਜਾਬ ਮੇਲ
GLOBAL PUNJAB
Design & Print
QUIK SIGNS
*661-703-8795 *661-900-7357
WWW.QUIKSIGNS.US